www.NihangSingh.org

ੴ ਸਤਿਗੁਰ ਪ੍ਰਸਾਦਿ ॥
ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਆਦਿ-ਦਸਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਦੇ

ਪਾਠਾਂ ਦੀ ਸੰਖੇਪ ਮਰਯਾਦਾ



ਲੇਖਕ ਅਤੇ ਪ੍ਰਕਾਸ਼ਕ :-

ਬਾਬਾ ਤੇਜਾ ਸਿੰਘ ਜੀ ਨਿਹੰਗ ਸਿੰਘ

ਗੁਰਦੁਆਰਾ ਰਾਜਧਾਨੀ ਬੁੰਗਾ ਨਿਹੰਗ ਸਿੰਘਾਂ
ਪਿੰਡ ਮਹਿਰੋਂ, ਜਿਲ੍ਹਾ ਮੋਗਾ (ਪੰਜਾਬ)

www.NihangSingh.org

www.NihangSingh.org

ੴ ਸਤਿਗੁਰ ਪ੍ਰਸਾਦਿ ॥

ਪਾਠਾਂ ਦੀ ਮਰਯਾਦਾ

ਆਪ ਨਾਰਾਇਣ ਕਲਾ ਧਾਰਿ ਜਗ ਮਹਿ ਪਰਵਰਿਓ ॥ ਦੇ ਮਹਾਂਵਾਕ ਅਨੁਸਾਰ ਜਗਤ ਜਲੰਦੇ ਨੂੰ ਤਾਰਨ ਲਈ ਸਾਹਿਬ ਸ੍ਰੀ ਗੁਰੂ ਨਾਕਨ ਦੇਵ ਜੀ ਨੇ **'ਗੁਰਮੁਖ ਗਾਡੀ ਰਾਹ ਚਲਾਇਆ ॥'** ਅਤੇ ਦਸ ਸਰੂਪ ਧਾਰਨ ਕਰਕੇ ਸਮੂਹ ਜਗਤ ਨੂੰ ਸ੍ਰੇਸ਼ਟ ਮਾਰਗ ਤੇ ਤੋਰਿਆ **'ਵਿਚੇ ਗ੍ਰਿਹ ਸਦਾ ਰਹੇ ਉਦਾਸੀ'** ਰਹਿਣ ਦੀ ਬਖਸ਼ਿਸ਼ ਕੀਤੀ। ਜਿਥੇ ਗੁਰੂ ਸਹਿਬਾਨ ਨੇ ਸਮੂਹ ਜਗਤ ਨੂੰ ਸਭੇ ਸਾਂਝੀਵਾਲਤਾ ਦਾ ਪਾਵਨ ਉਪਦੇਸ਼ ਬਖਸ਼ ਕੇ ਨਿਵਾਜਿਆ ਹੈ, ਉਥੇ ਪੰਥ ਵਾਲੀ ਕਲਗ਼ੀਧਰ ਪਾਤਿਸ਼ਾਹ ਸ੍ਰੀ ਦਸਮੇਸ਼ ਜੀ ਨੇ, ਪ੍ਰਮਾਤਮਾ ਦੀ ਮੌਜ ਨਾਲ ਪ੍ਰਗਟੇ ਅਤੇ ਨਿਆਰੇ ਪੰਥ ਨੂੰ ਸਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਕਤਕ ਸੁਦੀ ਦੂਜ ਸੰਮਤ ੧੭੬੫ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦਾ ਤਿਲਕ ਲਾ ਕੇ ਪੰਥ ਨੂੰ ਹੁਕਮ ਕੀਤਾ –

ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ, ਨਮਸਕਾਰਾਂ-ਡੰਡੌਤ ਬੰਦਨਾ ਕੀਤੀਆਂ, ਪ੍ਰਕਰਮਾ ਕੀਤੀਆਂ। ਇਸੇ ਪ੍ਰਕਾਰ ਹੀ ਸਤਿਗੁਰੂ ਸਾਹਿਬ ਜੀ ਨੇ ਸਾਰੇ ਕਾਰਜ ਪਹਿਲਾਂ ਆਪ ਕੀਤੇ ਅਤੇ ਫੇਰ ਸਾਰੇ ਸਿੱਖਾਂ ਤਾਈਂ ਸਾਰੇ ਗੁਣਾਂ ਦੀ ਬਖਸ਼ਿਸ਼ ਕੀਤੀ ਅਤੇ ਭਲੇ ਵਾਸਤੇ ਸਮੇਂ-ਸਮੇਂ ਦੀ ਬਾਣੀ, ਜਿਵੇਂ ਰੋਜ਼ਾਨਾ ਦਾ ਨਿੱਤਨੇਮ, ਗੁਰ ਮੰਤਰ, ਮੂਲ ਮੰਤਰ ਦਾ ਅਭਿਆਸ। ਮਹੀਨੇ ਲਈ' ਬਾਰਹ ਮਾਹਾਂ। ਵਿਆਹ-ਅਨੰਦ ਕਾਰਜ ਲਈ' ਘੋੜੀਆਂ–ਲਾਵਾਂ ਦਾ ਪਾਠ। ਚਲਾਣੇ-ਚੜਾਈ ਸਮੇਂ ਅਲਾਹਣੀਆਂ-ਸੱਦ ਦਾ ਪਾਠ ਆਦਿ ਆਦਿ। ਸਰਬਤ ਕਾਰਜਾਂ ਲਈ ਬਾਣੀ ਉਚਾਰਨ ਕੀਤੀ, ਜਿਸ ਸਦਕਾ ਲੋਕ ਪ੍ਰਲੋਕ ਸੁਹੇਲਾ ਹੋ ਜਾਂਦਾ ਹੈ। ਭਾਵ ਕਿ ਇੱਕ ਤਾਂ ਸਾਡੇ ਸੰਸਾਰਕ ਕਾਰਜਾਂ ਦਾ ਨਿਯਮ ਪੂਰਾ ਹੋ ਜਾਂਦਾ ਹੈ, ਦੂਜੇ ਪੁੰਨ ਲਗਦਾ ਹੈ, ਪ੍ਰਮਾਰਥੀ ਰਾਹ ਵੀ ਸਿੱਧ ਹੋ ਜਾਂਦਾ ਹੈ।

ਸੋ ਸਤਿਗੁਰੂ ਸਾਹਿਬ ਜੀ ਨੇ ਸਾਡੇ ਸਾਰੇ ਹੀ ਕਾਰਜਾਂ ਦੀ ਸਿੱਧੀ ਵਾਸਤੇ, ਦੁਖਾਂ, ਪਾਪਾਂ, ਵਿਘਨਾਂ, ਕਲੇਸ਼ਾਂ ਤੋਂ ਰਹਿਤ ਹੋਣ ਵਾਸਤੇ,

www.NihangSingh.org

www.NihangSingh.org

ਸ਼ੁਭ ਗੁਣ, ਸ਼ੁਭ ਵਿਚਾਰ ਅਤੇ ਜੀਵਨ ਮੁਕਤੀ ਦੀ ਪ੍ਰਾਪਤੀ ਵਾਸਤੇ ਪਾਠਾਂ ਦੀ ਮਰਯਾਦਾ ਦੱਸੀ ਹੈ।

ਸ੍ਰੀ ਸਾਧਾਰਨ ਪਾਠ ਦੀ ਅਰੰਭਤਾ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਮਹਾਰਾਜ ਜੀ ਨੇ ਆਪ ਚਲਾਈ ਹੈ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਮਹਾਰਾਜ ਜੀ ਦੇ ਸ਼ਹੀਦ ਹੋਣ ਤੋਂ ਬਾਅਦ ਉਨ੍ਹਾ ਨਮਿਤ ਛੇਵੇਂ ਪਾਤਿਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਬਾਬਾ ਬੁੱਢਾ ਸਾਹਿਬ ਜੀ ਤੋਂ ਕਰਵਾਇਆ ਸੀ।

ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ :-

ਹਰਿ ਗੋਬਿੰਦ ਰੀਤ ਕਰਾਈ ॥ ਗੁਰੂ ਗ੍ਰੰਥ ਕਾ ਪਾਠ ਧਰਾਈ ॥
ਗੁਰੂ ਗ੍ਰੰਥ ਕੀ ਕੋਠੀ ਮਾਹੀ ॥ ਸਾਹਿਬ ਬੁੱਢਾ ਪਾਠ ਸੁਨਾਹੀ ॥

ਮੀਰੀ ਪੀਰੀ ਦੇ ਮਾਲਕ ਬੰਦੀ ਛੋੜ ਪਾਤਿਸ਼ਾਹ ਜੀ ਨੇ ਫੇਰ ਮਾਤਾ ਗੰਗਾ ਜੀ ਨਮਿਤ, ਭਾਈ ਗੁਰਦਾਸ ਜੀ ਨਮਿੱਤ, ਬਾਬਾ ਬੁੱਢਾ ਜੀ ਨਮਿੱਤ ਸਹਿਜ ਪਾਠ ਕਰਵਾਏ।

ਇਸੇ ਪ੍ਰਕਾਰ ਹੀ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਬੁੱਢੇ ਦਲ ਤੋਂ ਹੋਈ ਹੈ। ਜਿਸ ਬਾਰੇ ਭਾਈ ਝਾਨ੍ਹ ਸਿੰਘ ਜੀ ਨਾਭਾ 'ਮਹਾਨਕੋਸ਼' ਵਿਚ ਇਉਂ ਲਿਖਦੇ ਹਨ :-

"ਅਖੰਡ ਪਾਠ, ਸੰਗਯਾ=ਉਹ ਪਾਠ, ਜੋ ਨਿਰੰਤਰ ਹੋਵੇ 2 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਜੋ ਤੇਹਾਂ ਪਹਿਰ ਵਿਚ ਸਮਾਪਤ ਕੀਤਾ ਜਾਂਦਾ ਹੈ। ...ਪੰਜ ਪਾਠੀਏ ਯਥਾ ਕ੍ਰਮ (ਨੰਬਰਵਾਰ) ਬਦਲਦੇ ਰਹਿੰਦੇ ਹਨ, ਅਤੇ ਪਾਠ ਨਿਰੰਤਰ ਹੁੰਦਾ ਰਹਿੰਦਾ ਹੈ। ਪਾਠ ਦੀ ਇਹ ਰੀਤ ਪੰਥ ਵਿਚ ਬੁੱਢੇ ਦਲ ਨੇ ਚਲਾਈ ਹੈ। ਸਤਿਗੁਰਾਂ ਦੇ ਸਮੇਂ ਅਖੰਡ ਪਾਠ ਨਹੀਂ ਹੋਇਆ ਕਰਦਾ ਸੀ।"

ਸੋ ਉਹੀ ਪੁਰਾਤਨ ਪੰਥਕ ਮਰਯਾਦਾ ਸਮੂਹ ਖਾਲਸਾ ਪੰਥ ਅਤੇ ਪੰਥਕ ਜੱਥੇਬੰਦੀਆਂ ਵਿੱਚ ਸੀਨਾਂ-ਬਸੀਨਾਂ ਨਿਰੰਤਰ ਜਾਰੀ ਹੈ। ਪ੍ਰੰਤੂ ਕੁਝ ਕੁ ਨਵੀਆਂ ਚੱਲੀਆਂ ਜੱਥੇਬੰਦੀਆਂ ਸੁਸਾਇਟੀਆਂ ਵੱਲੋਂ ਪੁਰਾਤਨ ਮਰਯਾਦਾ ਨੂੰ ਵਿਸਾਰ ਕੇ ਆਪੋ ਆਪਣੀ ਮੱਤ ਚਲਾਈ ਗਈ ਅਤੇ ਚਲਾਈ ਜਾ ਰਹੀ ਹੈ। ਗੁਰੂ ਕ੍ਰਿਪਾ ਸਦਕਾ ਇੱਥੇ ਉਸੇ ਪੁਰਾਤਨ ਪੰਥਕ-ਮਰਯਾਦਾ ਅਨੁਸਾਰ ਹੀ ਸ੍ਰੀ ਸਾਧਾਰਨ ਪਾਠ ਅਤੇ ਸ੍ਰੀ ਅਖੰਡ ਪਾਠ ਸਾਹਿਬ ਕਰਨ ਦੀ ਵਿਧੀ ਦੱਸਣ ਦਾ ਉਪਰਾਲਾ ਕੀਤਾ ਹੈ ਤਾਂ ਕਿ ਸਮੂਹ ਗੁਰੂ ਪਿਆਰੇ, ਸਿੱਖ ਸੰਗਤਾਂ ਗੁਰਮਤਿ ਅਨੁਸਾਰ "**ਸਬਦ**

www.NihangSingh.org

www.NihangSingh.org

ਗੁਰ ਪੀਰਾ ਗਹਿਰ ਗੰਭੀਰਾ'' ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪੂਰਨ ਸਤਿਕਾਰ ਅਤੇ ਪਾਠ ਪੂਜਾ ਕਰਕੇ ਜੀਵਨ ਸਫਲਾ ਕਰ ਸਕਣ।

ਜਿਸ ਜਗ੍ਹਾ 'ਤੇ ਸ੍ਰੀ ਅਖੰਡ ਪਾਠ ਸਾਹਿਬ ਜਾਂ ਸ੍ਰੀ ਸਾਧਾਰਨ ਪਾਠ (ਸਹਿਜ ਪਾਠ) ਪ੍ਰਕਾਸ਼ ਕਰਨਾ ਹੋਵੇ ਉਸ ਕਮਰੇ ਨੂੰ ਚੰਗੀ ਤਰ੍ਹਾਂ ਪ੍ਰੇਮ ਅਤੇ ਸ਼ਰਧਾ ਨਾਲ ਚਾਰੇ ਪਾਸਿਆਂ ਤੋਂ ਇਸ਼ਨਾਨ ਕਰਵਾਇਆ ਜਾਵੇ। ਚਾਨਣ (ਲਾਈਟ) ਦਾ ਚੰਗਾ ਪ੍ਰਬੰਧ ਹੋਵੇ। ਉਸ ਕਮਰੇ ਵਿਚ ਕੋਈ ਵੀ ਫੋਟੋ ਜਾਂ ਤਸਵੀਰ ਨਹੀਂ ਹੋਣੀ ਚਾਹੀਦੀ। ਕਮਰੇ ਦੀ ਸਫਾਈ ਉਪਰੰਤ ਸੁੰਦਰ ਚਾਨਣੀ (ਚੰਦੋਆ) ਲਗਾਈ ਜਾਵੇ, ਚਾਨਣੀ ਦੇ ਨਾਲ (ਡੈਕੋਰੇਸ਼ਨ) ਜਰੂਰ ਲਗਾਉਣਾ ਚਾਹੀਦਾ ਹੈ। ਸਰੂਪ ਆਉਣ ਤੋਂ ਪਹਿਲਾਂ ਪਹਿਲਾਂ ਧੂਪ ਸੈਂਟ ਆਦਿਕ ਦੁਆਰਾ ਕਮਰੇ ਵਿਚ ਪੂਰੀ ਸੁਗੰਧੀ ਹੋਵੇ। ਸਤਿਗੁਰੂ ਸਾਹਿਬ ਜੀ ਦਾ ਸਰੂਪ ਆਉਣ ਤੋਂ ਪਹਿਲਾਂ ਪਹਿਲਾਂ ਵਿਹੜੇ ਵਿੱਚ ਝੰਡੀਆਂ ਲਾਉਣੀਆਂ ਚਾਹੀਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਆਉਣ ਤੋਂ ਪਹਿਲਾਂ ਸੁੰਦਰ ਸਵਾਗਤੀ ਗੇਟ ਤਿਆਰ ਹੋਣਾ ਚਾਹੀਦਾ ਹੈ। ਗੇਟ ਨੂੰ ਫੁੱਲਾਂ ਆਦਿਕ ਨਾਲ ਜਾਂ ਹਰੇ ਕੇਲਿਆਂ ਨਾਲ ਜਾਂ ਬਿਜਲੀ ਦੀਆਂ ਲੜੀਆਂ ਨਾਲ ਸਜਾਇਆ ਜਾਵੇ। ਇਸ ਤਰ੍ਹਾਂ ਬਾਹਰਲੀ ਦਿਖ ਤੋਂ ਹੀ ਆਉਣ ਜਾਣ ਵਾਲੇ ਰਾਹੀਆਂ ਨੂੰ ਪਤਾ ਲੱਗੇ ਕਿ ਇਸ ਧਰਤੀ ਨੂੰ ਜਾਂ ਘਰ ਨੂੰ ਭਾਗ ਲੱਗੇ ਹਨ। "ਸਾ ਧਰਤਿ ਭਈ ਹਰਿਆਵਲੀ ਜਿਥੇ ਮੇਰਾ ਸਤਿਗੁਰ ਬੈਠਾ ਜਾਇ॥" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ (ਅਸਵਾਰਾ) ਲਿਆਉਣ ਵਾਲੇ ਸਿੰਘ ਕੇਸੀ ਇਸ਼ਨਾਨ ਕਰਕੇ ਨੰਗੇ ਪੈਰੀਂ ਅਦਬ ਨਾਲ ਸਤਿਨਾਮ ਵਾਹਿਗੁਰੂ ਦਾ ਜਾਪੁ ਕਰਦਿਆਂ ਸਰੂਪ ਲਿਆਉਣ। (ਇਹ ਮਰਯਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਤੋਰੀ ਸੀ, ਜਦੋਂ ਪੰਜਵੇਂ ਪਾਤਿਸ਼ਾਹ ਜੀ ਗੁਰਬਾਣੀ ਇਕੱਤ੍ਰ ਕਰਨ ਵਾਸਤੇ ਸ੍ਰੀ ਗੋਇੰਦਵਾਲ ਸਾਹਿਬ ਤੋਂ ਪੋਥੀਆਂ ਸ੍ਰੀ ਅੰਮ੍ਰਿਤਸਰ ਸਾਹਿਬ ਲਿਆਏ ਸਨ ਤਾਂ ਪਾਵਨ ਪੋਥੀਆਂ ਪਾਲਕੀ ਵਿਚ ਬਿਰਾਜਮਾਨ ਕਰਕੇ ਸਤਿਗੁਰੂ ਜੀ ਆਪ ਨੰਗੇ ਚਰਨੀ ਚੌਰ ਕਰਦੇ ਆਏ ਸਨ।) ਗੁਰੂ ਸਾਹਿਬ ਦੀ ਅਸਵਾਰੀ ਦੇ ਦਰਸ਼ਨ ਕਰਦਿਆਂ ਸਭ ਸੰਗਤ ਨੂੰ ਸਤਿਕਾਰ ਵਾਸਤੇ ਹੱਥ ਜੋੜ ਕੇ ਖੜੇ ਹੋ ਜਾਣਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ੇਸ਼ਤਾ ਅਤੇ ਅਦਬ ਸਤਿਕਾਰ ਨੂੰ ਮੁੱਖ ਰੱਖਦਿਆਂ ਸੁੰਦਰ

www.NihangSingh.org

www.NihangSingh.org

ਵਿਛਾਈ ਉਪਰ ਸਤਿਗੁਰੂ ਸਾਹਿਬ ਜੀ ਦੇ ਮੰਜੀ ਸਾਹਿਬ ਹੇਠ ਇਕ ਬਸਤਰ ਵੱਧ ਵਿਛਾਇਆ ਜਾਵੇ ਅਤੇ ਪਾਠੀ ਸਿੰਘ ਹੇਠ ਇਕ ਬਸਤਰ ਘੱਟ ਹੋਵੇ।

ਨੋਟ :- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਿਰਫ ਕੀਰਤਨ ਕਰਨ ਵਾਲੇ ਰਾਗੀ ਸਿੰਘਾਂ ਤੋਂ ਬਿਨਾਂ ਹੋਰ ਕਿਸੇ ਹੇਠ ਕਪੜਾ ਨਹੀਂ ਵਿਛਾਉਣਾ ਚਾਹੀਦਾ ਅਤੇ ਨਾ ਹੀ ਗੱਦੀ ਲਾਉਣੀ ਚਾਹੀਦੀ ਹੈ ਭਾਵੇਂ ਕੋਈ ਕਿੱਡਾ ਵੀ ਸੰਤ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੱਦੀ ਲਾ ਕੇ ਬੈਠਣਾ ਜਾਂ ਬਿਠਾਉਣਾ ਘੋਰ ਬੇਅਦਬੀ ਹੈ। ਮਨਮਤ ਹੈ। ਦੇਹਧਾਰੀ ਗੁਰੂ ਡੰਮ੍ਹ ਹੈ। ਪ੍ਰਕਾਸ਼ ਕਰਨ ਸਮੇਂ ਇਹ ਖਾਸ ਖਿਆਲ ਰੱਖਣਾ ਕਿ ਮੰਜੀ ਸਾਹਿਬ ਦੇ ਸਿਰਹਾਣੇ ਵੱਲ ਸ੍ਰੀ ਜਪੁਜੀ ਸਾਹਿਬ ਅਤੇ ਰਾਗ ਮਾਲਾ (ਭੋਗ) ਵਾਲੇ ਪਾਸੇ ਮੰਜੀ ਸਾਹਿਬ ਦੀ ਮਾਂ ਪੈਂਦਾਂ ਹੋਣ।

ਸ੍ਰੀ ਅਖੰਡ ਪਾਠ

ਸ੍ਰੀ ਅਖੰਡ ਪਾਠ ਕਰਨ ਸਮੇਂ ਸ੍ਰੀ ਜਪੁਜੀ ਸਾਹਿਬ ਜਰੂਰ ਪ੍ਰਕਾਸ਼ ਕਰਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਖੱਬੇ ਪਾਸੇ ਪ੍ਰਕਾਸ਼ ਕਰਨਾ ਅਤੇ ਸੱਜੇ ਪਾਸੇ ਉਚੇ ਮੇਜ਼ ਤੇ ਕੜਾਹ ਪ੍ਰਸ਼ਾਦਿ ਦੀ ਦੇਗ ਸਜਾਉਣੀ ਚਾਹੀਦੀ ਹੈ। ਦੇਗ ਖੁੱਲ੍ਹੀ ਪਰਾਂਤ ਵਿਚ ਹੋਵੇ, ਕੜਾਹੀ ਵਿਚ ਨਹੀਂ ਹੋਣੀ ਚਾਹੀਦੀ। ਦੇਗ ਕੋਲ ਸ੍ਰੀ ਅਨੰਦ ਸਾਹਿਬ ਜੀ ਦਾ ਸੰਪੂਰਨ ਪਾਠ ਕੀਤਾ ਜਾਵੇ। ਕ੍ਰਿਪਾਨ ਭੇਟ ਸਮੇਂ ਦੇਗ ਠੰਡੀ ਹੋਵੇ। ਬਹੁਤ ਜਿਆਦਾ ਗਰਮ ਨਹੀਂ ਹੋਣੀ ਚਾਹੀਦੀ ਅਤੇ ਸ੍ਰੀ ਸਾਹਿਬ (ਕ੍ਰਿਪਾਨ) ਸਰਬ ਲੋਹ ਦੀ ਹੋਣੀ ਚਾਹੀਦੀ ਹੈ।

ਪੰਜ ਅਖੰਡ ਪਾਠੀ, ਪੰਜ ਜਪੁਜੀ ਸਾਹਿਬ ਦੇ ਪਾਠੀ ਤੇ ਪੰਜ ਸੇਵਾਦਾਰ ਕੇਸਾਧਾਰੀ, ਰਹਿਤ ਧਾਰੀ ਅਤੇ ਨਿਤਨੇਮੀ ਹੋਣੇ ਚਾਹੀਦੇ ਹਨ। ਸ਼ਰਾਬੀ ਕਬਾਬੀ ਤੇ ਅਮਲੀ ਨਾ ਹੋਣ। ਪਾਠੀ ਸਿੰਘ ਅੰਮ੍ਰਿਤ-ਧਾਰੀ, ਨਿੱਤਨੇਮੀ, ਮਰਯਾਦਾ ਵਾਲੇ ਅਤੇ ਸੰਪ੍ਰਦਾਈ ਸ਼ੁਧ ਪਾਠ ਕਰਨ ਵਾਲੇ ਹੋਣੇ ਚਾਹੀਦੇ ਹਨ। ਪ੍ਰਾਰੰਭਤਾ ਵੇਲੇ ਪਾਠੀ ਸਿੰਘ ਅਤੇ ਸੇਵਾ-ਦਾਰ ਮਹਾਰਾਜ ਜੀ ਦੀ ਹਜ਼ੂਰੀ ਵਿਚ ਹਾਜਰ ਹੋਣੇ ਚਾਹੀਦ ਹਨ। ਦਰਸ਼ਨੀ ਭੇਟਾ ਅਰਪਨ ਕਰਨੀ। ਕੁੰਭ, ਸਮੱਗਰੀ ਨਾਰੀਅਲ, ਜੋਤ, ਧੂਫ, ਮਿਸਰੀ, ਸੋਗੀ, ਇਲਾਚੀ, ਬਦਾਮ, ਅਖਰੋਟ, ਖੋਪਾ ਆਦਿ ਅਤੇ

www.NihangSingh.org

www.NihangSingh.org

ਰਗੜੀ ਹੋਈ ਧੂਪ ਸਮੱਗਰੀ ਜਰੂਰੀ ਹੋਣੀ ਚਾਹੀਦੀ ਹੈ। (ਲੋੜ ਪੈਣ ਤੇ ਅਗਰਬੱਤੀ ਵੀ ਵਰਤੀ ਜਾ ਸਕਦੀ ਹੈ।) ਸ੍ਰੀ ਅਖੰਡ ਪਾਠ ਸਾਹਿਬ ਵਿਚ ਸਾਰਾ ਦੇਸੀ ਘਿਓ ਵਰਤਣਾ ਚਾਹੀਦਾ ਹੈ। ਪਾਠੀ ਸਿੰਘ ਅਤੇ ਬਾਕੀ ਸੇਵਾਦਾਰ ਵੀ ਸਣੇ ਕੇਸੀਂ ਇਸ਼ਨਾਨ ਕਰਨ। ਰੌਲ ਲਾਉਣ ਸਮੇਂ ਹਰੇਕ ਪਾਠੀ ਸਿੰਘ ਇਸ਼ਨਾਨ ਜਰੂਰ ਕਰੇ। ਅਤੀ ਜਰੂਰੀ ਹੈ। ਸੰਪੂਰਨ ਸਮੱਗਰੀ, ਪਾਠੀ ਸਿੰਘ ਤੇ ਸਭ ਸੇਵਾਦਾਰ ਹਾਜ਼ਰੀ ਉਪਰੰਤ ਆਰੰਭਤਾ ਦੀ ਅਰਦਾਸ ਕਰਕੇ ਸ੍ਰੀ ਮੁਖਵਾਕ (ਹੁਕਮਨਾਮਾ) ਲੈ ਕੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰ ਦੇਣਾ ਚਾਹੀਦਾ ਹੈ। ਜਦੋਂ ਸ੍ਰੀ ਜਪੁਜੀ ਸਾਹਿਬ ਜੀ ਦਾ ਪਾਠ ਸੰਪੂਰਨ ਹੋ ਜਾਵੇ, ਉਸ ਸਮੇਂ ਦੇਗ ਵਰਤਾਉਣੀ ਚਾਹੀਦੀ ਹੈ। ਜਿਸ ਕਮਰੇ ਵਿਚ ਪਾਠ ਹੁੰਦਾ ਹੋਵੇ ਉਥੇ ਰੌਲਾ ਨਹੀਂ ਪਾਉਣਾ ਚਾਹੀਦਾ। ਪਾਠੀ ਸਿੰਘ ਵੀ ਇਧਰ ਉਧਰ ਨਾ ਦੇਖਣ। ਇਕ ਰਸ ਪਾਠ ਕਰਨ। ਜੋ ਵੀ ਕੋਈ ਮਾਈ-ਭਾਈ ਮੱਥਾ ਟੇਕਣ ਆਵੇ, ਸਭ ਨੂੰ ਪੰਜ ਇਸ਼ਨਾਨਾ ਕਰਕੇ ਗੁਰੂ ਸਾਹਿਬ ਦੇ ਕਮਰੇ ਵਿਚ ਦਾਖਲ ਹੋਣਾ ਚਾਹੀਦਾ ਹੈ। ਜਿਤਨਾ ਵੀ ਸਮਾਂ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਹਾਜਰੀ ਭਰਨੀ ਹੈ, ਇਕ ਰਸ, ਇਕਾਗਰ ਚਿੱਤ ਕਰਕੇ, ਸਾਵਧਾਨ ਹੋ ਕੇ ਪਾਠ ਸੁਣਨਾ ਹੈ। ਇਸ ਪ੍ਰਕਾਰ ਜਿਤਨਾ ਵੀ ਸਮਾਂ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸ਼ਰਧਾ ਭਾਵਨਾ ਨਾਲ ਗੁਜ਼ਰੇਗਾ, ਸਫਲ ਹੀ ਸਫਲ ਹੈ। ਇਸ ਵਿਚ ਸਾਡਾ ਭਲਾ ਹੀ ਹੈ। ਮਹਾਂਬਚਨ ਹੈ :-

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥
ਸੁਣਿ ਸੁਣਿ ਹੋਵੈ ਪਰਮਗਤਿ ਮੇਰੀ ॥

ਮੱਧ :- ਦੂਸਰੇ ਦਿਨ ਮੱਧ ਸਮੇਂ ਵੀ ਅੱਧਾ ਘੰਟਾ ਪਹਿਲਾਂ ਸ੍ਰੀ ਕੜਾਹ ਪ੍ਰਸਾਦਿ ਦੀ ਦੇਗ ਸਤਿਗੁਰਾਂ ਦੀ ਹਜ਼ੂਰੀ ਵਿਚ ਲੈ ਆਉਣੀ ਚਾਹੀਦੀ ਹੈ ਅਤੇ ਸ੍ਰੀ ਅਨੰਦ ਸਾਹਿਬ ਜੀ ਦਾ ਸੰਪੂਰਨ ਪਾਠ ਕਰ ਦੇਣਾ ਚਾਹੀਦਾ ਹੈ। ਫਿਰ ੭੦੫ ਅੰਗ 'ਤੇ ਜੈਤਸਰੀ ਦੀ ਵਾਰ ਦੇ ਆਰੰਭ ਸਮੇਂ ਅਰਦਾਸ ਕਰਨੀ ਚਾਹੀਦੀ ਹੈ। ਅਰਦਾਸ ਉਪਰੰਤ ਜੈਕਾਰਾ ਗਜਾ ਕੇ ਫਤਹਿ ਬੁਲਾਉਣੀ। ਫਿਰ ਸਾਰੇ ਸ਼ਬਦ ਨੂੰ ਸੁਣਕੇ ਦੇਗ ਵਰਤਾਉਣੀ ਚਾਹੀਦੀ ਹੈ।

ਭੋਗ :- ਭੋਗ ਦੇ ਸਲੋਕ ਪ੍ਰਾਰੰਭ ਹੋਣ ਦੇ ਨਾਲ ਹੀ ਇਕ ਸਿੰਘ

www.NihangSingh.org

www.NihangSingh.org

ਚੌਰ ਕਰਨ ਲੱਗ ਜਾਵੇ ਤੇ ਅਰਦਾਸ ਦੀ ਸਮਾਪਤੀ ਤੱਕ ਚੌਰ ਕਰਦਾ ਰਹੇ। ਭੋਗ ਦੇ ਸਮੇਂ ਸਲੋਕਾਂ ਦੇ ਆਰੰਭ ਹੋਣ ਤੋਂ ਪਹਿਲਾਂ ਸ੍ਰੀ ਕੜਾਹ ਪ੍ਰਸਾਦਿ (ਪੰਚਾਮ੍ਰਿਤ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪਹੁੰਚ ਜਾਵੇ ਤੇ ਇਕ ਸਿੰਘ ਗੁਟਕਾ ਸਾਹਿਬ ਤੋਂ ਸ੍ਰੀ ਅਨੰਦ ਸਾਹਿਬ ਜੀ ਦਾ ਸੰਪੂਰਨ (੪੦ ਪੌੜੀਆਂ ਦਾ) ਪਾਠ ਕਰ ਦੇਵੇ। ਸ੍ਰੀ ਅਖੰਡ ਪਾਠ ਦਾ ਭੋਗ, ਰਾਗ ਮਾਲਾ ਪੜ੍ਹ ਕੇ ਫਿਰ ਸ੍ਰੀ ਜਪੁਜੀ ਸਾਹਿਬ ਦਾ ਸਾਰਾ ਪਾਠ ਕਰਨਾ ਚਾਹੀਦਾ ਹੈ।

ਰਾਗ ਮ ਲਾ ਪੜ੍ਹ ਪ੍ਰੇਮ ਨੈਂ,
ਭੋਗ ਜਪੁਜੀ ਤੇ ਪਾਏ ॥ ...

...ਰਾਗ ਮਾਲਾ ਪੜ੍ਹ ਹੋਵਤ ਪੂਰਾ ॥
ਰਾਗ ਮਾਲਾ ਬਿਨ ਪਾਠ ਅਧੂਰਾ ॥
(ਗੁਰ ਬਿਲਾਸ ਪਾ: ੬)

ਦੋ ਮੁੰਦਰ ਖੁੱਲੇ ਰੁਮਾਲੇ ਹੋਣੇ ਚਾਹੀਦੇ ਹਨ। ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਅਤੇ ਇਕ ਪੋਥੀ ਸਾਹਿਬ ਵਾਸਤੇ। ਰੁਮਾਲੇ ਪਹਿਨਾ ਕੇ ਅਰਦਾਸ ਸ਼ੁਰੂ ਕਰ ਦੇਣੀ ਚਾਹੀਦੀ ਹੈ। ਅਰਦਾਸ ਤੋਂ ਬਾਅਦ ਪੰਜ ਜੈਕਾਰੇ ਗਜਾ ਕੇ, ਫਿਰ ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥ ਬੁਲਾ ਕੇ ਹੁਕਮਨਾਮਾ (ਸ੍ਰੀ ਮੁਖਵਾਕ) ਪੜ੍ਹਨਾ ਚਾਹੀਦਾ ਹੈ। ਇਸ ਤੋਂ ਬਾਅਦ ਹੋ ਸਕੇ ਤਾਂ ਸਮੇਂ ਮੁਤਾਬਕ ਕਥਾ, ਸ਼ਬਦ ਕੀਰਤਨ ਕਰਨਾ ਅਤੇ ਫਿਰ ਦੇਗ ਵਰਤਾਈ ਜਾਵੇ। ਦੇਗ ਵਰਤਾਉਣ ਵਾਲੇ ਸਿੰਘ ਸਭ ਸੰਗਤ ਨੂੰ ਇਕੋ ਜਿਹਾ ਛਾਂਦਾ ਰੱਖਣ। ਕਿਸੇ ਨੂੰ ਵੱਧ ਘੱਟ ਨਾ ਦੇਣ ਤੇ ਕਿਸੇ ਨਾਲ ਈਰਖਾ ਲਿਹਾਜ ਨਾ ਰੱਖਣ। ਨਾ ਹੀ ਆਪ ਸੰਗਤ ਨਾਲੋਂ ਵੱਧ ਛਾਂਦਾ ਛਕਣ। ਉਤਨਾ ਹੀ ਛਕਣ ਜਿਤਨਾ ਸੰਗਤ ਨੂੰ ਵਰਤਾਇਆ ਜਾਵੇ। ਦੇਗ ਤੋਂ ਬਾਅਦ ਗੁਰੂ ਕਾ ਲੰਗਰ ਵਰਤਾਉਣਾ ਚਾਹੀਦਾ ਹੈ।

ਭੇਟ ਪੂਜਾ ਮੁਨਾਸਿਬ ਮਾਇਆ ਨਾਲ ਕਰਨੀ ਤੇ ਪਾਠੀ ਸਿੰਘਾਂ ਨੂੰ ਮੁਨਾਸਿਬ ਮਾਇਆ, ਸਿਰੋਪਾ ਬਸਤਰ ਅਰਪਨ ਕਰਨੇ ਚਾਹੀਦੇ ਹਨ। ਆਰੰਭ ਕਰਨ ਦੇ ਸਮੇਂ ਤੋਂ ਇਕ ਘੰਟਾ ਪਹਿਲਾਂ ਸਮਾਪਤੀ ਦੀ ਅਰਦਾਸ ਹੋਣੀ ਜਰੂਰੀ ਹੈ। ਇਹ ਹੈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਮਰਯਾਦਾ।

www.NihangSingh.org

www.NihangSingh.org

ਸ੍ਰੀ ਸਹਿਜ ਪਾਠ

ਹੁਣ ਸ੍ਰੀ ਸਹਿਜ ਪਾਠ ਦੀ ਮਰਯਾਦਾ ਸ਼ੁਰੂ ਕਰਦੇ ਹਾਂ। ਜਦੋਂ ਸ੍ਰੀ ਸਹਿਜ ਪਾਠ ਅਰੰਭ ਕਰਨਾ ਹੋਵੇ, ਪਾਠ ਖੁਸ਼ੀ ਦਾ ਹੋਵੇ ਜਾਂ ਗਮੀ ਦਾ, ਆਰੰਭ ਸਮੇਂ ਸ੍ਰੀ ਕੜਾਹ ਪ੍ਰਸਾਦ ਦੀ ਦੇਗ ਹੋਣੀ ਜਰੂਰੀ ਹੈ। ਅਨੰਦ ਸਾਹਿਬ ਦਾ ਪਾਠ ਵੀ ਜਿਵੇਂ ਪਹਿਲਾਂ ਦੱਸਿਆ ਹੈ ਉਸੇ ਤਰ੍ਹਾਂ ਹੀ ਕਰਨਾ ਹੈ। ਨਹੀਂ ਤਾਂ ਸੀਤੋ ਪ੍ਰਸਾਦਿ ਪਤਾਸੇ ਹਜੂਰੀ ਵਿਚ ਸਜਾ ਕੇ ਆਰੰਭਤਾ ਦੀ ਅਰਦਾਸ ਤਰਕੇ ਜੈਕਾਰਾ ਗਜਾ ਕੇ, "ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥" ਬਲਾਉਣੀ, ਫਿਰ ਹੁਕਮਨਾਮਾ ਲੈਕੇ ਸ੍ਰੀ ਜਪੁ ਜੀ ਸਾਹਿਬ ਤੋਂ ਪਾਠ ਸ਼ੁਰੂ ਕਰਨਾ ਚਾਹੀਦਾ ਹੈ। ਪੰਜ ਪਾਉੜੀਆਂ ਪੜ੍ਹਨ ਉਪਰੰਤ ਪ੍ਰਸਾਦ ਵਰਤਾ ਦੇਣਾ ਚਾਹੀਦਾ ਹੈ, ਹੋ ਸਕੇ ਤਾਂ ਜਦੋਂ ਪਾਠ ਮੱਧ ਵਿਚ ਆ ਜਾਵੇ ਤਾਂ ਕੜਾਹ ਪ੍ਰਸਾਦ ਦੀ ਦੇਗ ਬਣਾਕੇ ਭੋਗ ਲਗਾਉਣਾ ਚਾਹੀਦਾ ਹੈ। ਫਿਰ ਭੋਗ ਦੇ ਸਮੇਂ ਕੜਾਹ ਪ੍ਰਸਾਦਿ ਦੀ ਦੇਗ ਗੁਰੂ ਸਾਹਿਬ ਜੀ ਦੇ ਸੱਜੇ ਪਾਸੇ ਸਟੂਲ (ਮੇਜ਼) ਦੇ ਉੱਪਰ ਸਜਾ ਕੇ ਸ੍ਰੀ ਅਨੰਦ ਸਾਹਿਬ ਜੀ ਦਾ ਪਾਠ ਕਰਨਾ ਚਾਹੀਦਾ ਹੈ ਅਤੇ ਫਿਰ ਹੁਕਮਨਾਮਾ ਲੈਕੇ ਭੋਗ ਦੇ ਸਲੋਕ ਆਰੰਭ ਕਰ ਕੇ ਰਾਗ ਮਾਲ ਪੜ੍ਹਕੇ ਭੋਗ ਪਾ ਦੇਣਾ ਚਾਹੀਦਾ ਹੈ। ਫਿਰ ਸ੍ਰੀ ਜਪੁਜੀ ਸਾਹਿਬ ਦਾ ਸਾਰਾ ਪਾਠ ਜਾਂ ਪੰਜ ਪਉੜੀਆਂ, "ਸਭਨਾ ਜੀਆਂ ਕਾ ਇਕ ਦਾਤਾ ਸੋ ਮੈ ਵਿਸਰ ਨ ਜਾਈ ॥" ਸਲੋਕੁ ॥ ਪਵਣ ਗੁਰੂ ਪਾਣੀ ਪਿਤਾ.... ॥ ਪੜ੍ਹਕੇ ਅਰਦਾਸ ਕਰਨੀ। ਸਮੇਂ ਅਨੁਸਾਰ ਸ਼ਬਦ ਕੀਰਤਨ ਜਾਂ ਕਥਾ ਵਿਚਾਰ ਤੋਂ ਬਾਅਦ ਦੇਗ ਵਰਤਉਣੀ ਅਤੇ ਫਿਰ ਲੰਗਰ ਵਰਤਾਉਣਾ। ਸ੍ਰੀ ਸਹਿਜ ਪਾਠ ਕਰਨ ਵਾਸਤੇ ਦਿਨਾਂ ਦੀ ਕੋਈ ਖਾਸ ਗਿਣਤੀ ਨਹੀਂ ਪਰ ਮ੍ਰਿਤਕ ਜਾਂ ਮਰਗ ਦੇ ਪਾਠ ਦਾ ਦਸਹਿਰਾ ਕਰਨ ਦੀ ਗੁਰ ਮਰਯਾਦਾ ਪਹਿਲਾਂ ਤੋਂ ਪ੍ਰਚੱਲਤ ਹੈ। ਕੁੰਭ, ਨਾਰੀ-ਅਲ ਅਤੇ ਧੂਪ ਹੋਣੇ ਜਰੂਰੀ ਹਨ ਅਤੇ ਰਾਤ ਨੂੰ ਦੇਸੀ ਘਿਓ ਦੀ ਜੋਤ ਜਗਾਉਣੀ ਚਾਹੀਦੀ।

ਹੋਰ ਜੋ ਇਕੋਤਰੀਆਂ ਕਰਨੀਆਂ (੧੦੧ ਅਖੰਡ ਪਾਠ ਕਰਨੇ) ਜਾਂ ਉਕਤੀਆਂ ਜੁਗਤੀਆਂ ਵਾਲੇ ਸਪਤਾਹ ਪਾਠ ਵਗੈਰਾ ਕਰਨੇ ਜਾਂ ਕਰਵਾਉਣੇ, ਇਹ ਗੁਰਮਤਿ ਵਿਚ ਕੋਈ ਖਾਨ ਮਾਅਨੇ ਨਹੀਂ ਰਖਦੇ। ਇਕੋਤਰੀਆਂ ਲੜੀਆਂ ਆਦਿਕ ਵਿਚ ਬੇ-ਅਦਬੀ ਦਾ ਕਾਫੀ ਕਾਰਨ

www.NihangSingh.org

www.NihangSingh.org

ਬਣ ਜਾਂਦਾ ਹੈ। ਪਾਠੀ ਵੀ ਕੋਈ ਖਾਸ ਸੁਲਝੇ ਹੋਏ ਨਹੀਂ ਹੁੰਦੇ। ਦੇਖਣ ਵਿਚ ਆਇਆ ਹੈ ਕਿ ਕਈ ਪਾਠੀ ਤਾਂ ਪਾਠ ਅਤੇ ਮਰਯਾਦਾ ਤੋਂ ਉੱਕਾ ਹੀ ਕੋਰੇ ਹੁੰਦੇ ਹਨ, ਭਾਵ ਕਿ ਨਾ ਤਾਂ ਕਿਤੋਂ ਪਾਠ ਕਰਨਾ ਸਿੱਖਿਆ ਹੁੰਦਾ ਹੈ ਅਤੇ ਨਾ ਹੀ ਕੋਈ ਰਹਿਤ ਮਰਯਾਦਾ ਹੁੰਦੀ ਹੈ। ਕਿਉਂ ਕਿ ਅੰਨੇ ਇਕੱਠ ਵਿਚ ਕੋਈ ਖਾਸ ਸੁਣਦਾ ਵੇਖਦਾ ਤਾਂ ਹੁੰਦਾ ਹੀ ਨਹੀਂ। ਉਨ੍ਹਾਂ ਵਿਚਾਰਿਆਂ ਦਾ ਕੰਮ ਚੱਲ ਹੀ ਜਾਂਦਾ ਹੈ। ਪਰ ਸਾਨੂੰ ਪਾਠ ਪੂਜਾ ਕਰਵਾਉਣ ਵਾਲਿਆਂ ਨੂੰ ਫਲ ਦੀ ਪ੍ਰਾਪਤੀ ਨਹੀਂ ਹੁੰਦੀ। ਸੋ ਗੁਰਮਤਿ ਵਾਲਿਆਂ ਨੂੰ ਇਹਨਾਂ ਗੱਲਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ।

ਇਹ ਪਖੰਡ ਤਾਂ ਗੁਰਮਤਿ ਤੋਂ ਬਾਹਰਲੇ ਸਾਧਾਂ ਅਤੇ ਮਨਮੱਤੀਏ ਡੇਰੇਦਾਰਾਂ ਨੇ ਚਲਾਏ ਹਨ। ਇਹਨਾਂ ਦਾ ਮਤਲਬ ਜਨਤਾ ਨੂੰ ਵਹਿਮਾਂ ਭਰਮਾਂ 'ਚ ਪਾ ਕੇ, ਡਰਾ ਕੇ ਅਤੇ ਗੁੰਮਰਾਹ ਕਰਕੇ ਮਾਇਆ ਅਤੇ ਪੂਜਾ ਇਕੱਠੀ ਕਰਨਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਪ੍ਰਕਾਸ਼ਤ ਮਾਸਿਕ ਪੱਤਰ 'ਗੁਰਮਤਿ ਪ੍ਰਕਾਸ਼' ਅਗਸਤ 1997 ਅੰਕ ਦੇ ਪੰਨਾ ਦੁੱਪ 'ਤੇ ਪਾਠਾਂ ਬਾਰੇ ਲਿਖਿਆ ਹੈ ਕਿ, "ਕਈ ਸਾਧੂ ਮਹਾਤਮਾ ਅੱਜ ਕੱਲ੍ਹ ਮੂੰਹ ਮੰਗੀ ਮਾਇਆ ਲੈ ਕੇ ਸੰਪਟ ਪਾਠਾਂ ਦੇ ਨਾਲ "ਦੁੱਖ ਨਿਵਰਤ" ਕਰ ਰਹੇ ਹਨ। ਪਹਿਲੀ ਗੱਲ ਤਾਂ ਹਰ ਸਿੱਖ ਨੂੰ ਆਪ ਬਾਣੀ ਪੜ੍ਹਨੀ ਅਤੇ ਵਿਚਾਰਨੀ ਚਾਹੀਦੀ ਹੈ। ਜੇ ਨਹੀਂ ਤਾਂ ਰਹਿਤ ਮਰਯਾਦਾ ਅਨੁਸਰ ਸਹਿਜ ਪਾਠ ਅਤੇ ਅਖੰਡ ਪਾਠ ਦੀ ਮਰਯਾਦਾ ਹੈ, ਸੰਪਟ ਪਾਠ ਦਾ ਕੋਈ ਵੇਰਵਾ ਨਹੀਂ। ਬਿਨਾਂ ਵਿਚਾਰ ਤੇ ਬਾਣੀ ਨੂੰ ਮੰਤਰਾ ਵਾਂਗ ਰਟਨ ਕਰ ਕੇ ਸਧਾਰਨ ਸਿੱਖਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।"

ਸਾਡੇ ਖਾਸ ਸਿੰਘਾਂ ਨੇ ਦੱਸਿਆ ਹੈ ਕਿ ਇਕ ਘਰੇ ਸਾਧਾਂ ਨੇ ਸ੍ਰੀ ਸਹਿਜ ਪਾਠ ਆਰੰਭ ਕਰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਇਕ ਪਾਸੇ ਨਾਲ ਹੀ ਰਾਮਾਇਣ ਤੇ ਗੀਤਾ ਪੜ੍ਹਨੀ ਸ਼ੁਰੂ ਕਰ ਦਿੱਤੀ ਅਤੇ ਜਿਸ ਪਾਠੀ ਨੇ ਪਾਠ ਕੀਤਾ ਉਸ ਨੂੰ ਪਾਠ ਵੀ ਸ਼ੁੱਧ ਨਹੀਂ ਸੀ ਆਉਂਦਾ। ਫਿਰ ਇਕ ਹੋਰ ਘਰੇ ਸਾਧ ਮੱਤ ਦੇ ਪਾਠੀ ਨੇ ਦੇਗ ਬਣਾਉਣ ਲੱਗਿਆਂ ਦੇਗ ਵਿਚ ਦੁੱਧ ਦਾ ਕੱਪ ਪਾ ਦਿੱਤਾ ਅਤੇ ਕਹਿੰਦਾ ਕਿ "ਇਹ (ਦੁੱਧ) ਅੰਮ੍ਰਿਤ ਹੈ, ਦੇਗ ਪਵਿੱਤਰ ਹੋ ਜਾਊ।" ਉਸ ਭਲੇ

www.NihangSingh.org

www.NihangSingh.org

ਮਾਨਸ ਨੂੰ ਇਹ ਨਹੀਂ ਪਤਾ ਕਿ ਸ੍ਰੀ ਕੜਾਹ ਪ੍ਰਸ਼ਾਦ ਨੂੰ ਤਿਹਾਵਲ ਅਤੇ ਪੰਚਾਮ੍ਰਿਤ ਕਹਿਣ ਦਾ ਕੀ ਅਰਥ ਭਾਵ ਹੈ ਅਤੇ ਦੁੱਧ ਦੇ ਪੈਣ ਨਾਲ ਉਪਰੋਕਤ ਅਰਥ ਉਡ ਹੀ ਜਾਂਦੇ ਹਨ। ਸ੍ਰੀ ਕੜਾਹ ਪ੍ਰਸ਼ਾਦ ਵਿਚ ਸੌਗੀ ਖੋਪਾ ਆਦਿ ਪੈਣਾ ਵੀ ਮਨਮੱਤ ਹੈ। (ਸ੍ਰੀ ਕੜਾਹ ਪ੍ਰਸ਼ਾਦ ਬਾਰੇ ਅੱਗੇ ਖੋਲ੍ਹ ਕੇ ਲਿਖਾਂਗੇ।)

ਸੋ ਸਾਧ ਸੰਗਤ ਜੀ ਸਾਨੂੰ ਅਜਿਹੇ ਲੋਕਾਂ (ਮਨ ਮਤੀਏ ਸਾਧਾਂ) ਤੋਂ ਸੁਚੇਤ ਰਹਿਣਾ ਚਾਹੀਦਾ ਹੈ, ਜੋ ਗੁਰਮਤਿ ਨੂੰ ਢਾਹ ਲਾਉਂਦੇ ਹਨ। ਜਿਨ੍ਹਾਂ ਲੋਕਾਂ ਨੂੰ ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਆਪ ਸ਼ਰਧਾ ਭਾਵਨਾ ਨਹੀਂ, ਉਹ ਲੋਕ ਹੋਰਾਂ ਨੂੰ ਕੀ ਦੱਸ ਸਕਦੇ ਹਨ ? ਇਕ ਜਟਾਂ ਵਾਲੇ ਸਾਧ ਨੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ 'ਡਉਰੂ' ਕਿਹਾ ਹੈ ਕਿ ਇਸ ਦੇ ਵਜਾਉਣ ਨਾਲ ਸੰਗਤ ਇਕੱਠੀ ਹੋ ਜਾਂਦੀ ਹੈ। (ਇਹ ਭਾਈ ਕਰਤਾਰ ਸਿੰਘ ਨੇ ਦੱਸਿਆ ਹੈ।) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ ਬਾਰੇ ਤਾਂ ਸਿਰਫ ਸੰਪ੍ਰਦਾਈ ਮਹਾਂ ਪੁਰਸ਼ਾਂ ਗੁਰਸਿੱਖ ਮਹਾਤਮਾ ਤੋਂ ਹੀ ਜਾਣਕਾਰੀ ਲੈਣੀ ਚਾਹੀਦੀ ਹੈ।

ਸਤਿਗੁਰੂ ਸਾਹਿਬ ਜੀ ਨੇ ਖਾਲਸਾ ਪੰਥ ਨੂੰ ਹੀ ਮਾਣ ਮਰਯਾਦਾ ਬਖਸ਼ਿਸ਼ ਕੀਤੀ ਹੈ। ਸ੍ਰੀ ਸਰਬ ਲੋਹ ਗ੍ਰੰਥ ਵਿਚ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਫੁਰਮਾਣ ਕਰਦੇ ਹਨ :—

ਮਾਨ ਮਹਤ ਮੇਰੋ ਖਾਲਸਾ ਸਹੀ ॥
ਖਾਲਸਾ ਮੇਰੋ ਸ੍ਵਾਰਥ ਸਹੀ ॥
ਖਾਲਸਾ ਮੇਰੋ ਕਰੈ ਨਿਰਬਾਹ ॥
ਖਾਲਸਾ ਮੇਰੋ ਦੇਹ ਅਰ ਸਾਹ ॥

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖਾਲਸਾ ਪੰਥ ਨੂੰ ਆਪਣਾ ਖਾਸ ਰੂਪ ਬਖਸ਼ਿਆ ਤੇ ਮੰਨਿਆਂ ਹੈ ਤੇ ਆਪਣਾ ਮੁੱਖ ਅੰਗ ਕਿਹਾ ਹੈ ਅਤੇ

ਖਾਲਸੇ ਕੇ ਹੌਂ ਸਦ ਸਦ ਸੰਗਾ ॥

ਆਦਿ ਪਵਿੱਤਰ ਬਚਨਾਂ ਦੁਆਰਾ ਮਾਣ ਮਰਯਾਦਾ ਬਖਸ਼ੀ ਹੈ।

ਕਲਗੀਧਰ ਪਾਤਸ਼ਾਹ ਜੀ ਨੇ ਕਿਹਾ ਹੈ ਕਿ ਵਾਹਿਗੁਰੂ ਵਿਚ, ਮੇਰੇ ਵਿਚ ਅਤੇ ਖਾਲਸੇ ਵਿਚ ਰਤੀ ਜਿੰਨ੍ਹਾਂ ਵੀ ਭੇਦ ਨਹੀਂ ਹੈ। ਜੈਸੇ ਕਿ ਫੁਰਮਾਣ ਹੈ :-

ਪ੍ਰਭ ਮਹਿ, ਮੋਹ ਮਹਿ, ਤਾਸ ਮਹਿ, ਰੰਚਕ ਨਾਹਨ ਭੇਦ ॥

www.NihangSingh.org

www.NihangSingh.org

ਸਾਧ ਸੰਗਤ ਜੀ, ਜੇਕਰ ਅਸੀਂ ਗੁਰੂ ਕੇ ਸਿੱਖ (ਸਿੰਘ) ਹੋ ਕੇ ਬਾਹਰਲੀਆਂ ਰੀਤਾਂ ਮਰਯਾਦਾ ਧਾਰਨ ਕਰਾਂਗੇ ਤਾਂ ਗੁਰੂ ਜੀ ਕਦੇ ਵੀ ਸਾਡੇ 'ਤੇ ਪ੍ਰਤੀਤ ਨਹੀਂ ਕਰਨਗੇ। ਫੁਰਮਾਣ ਹੈ :-

ਜਬ ਇਹ ਗਹੇ ਬਿਪਰਨ ਕੀ ਰੀਤ ॥
ਮੈਂ ਨਾ ਕਰੋਂ ਇਨ ਕੀ ਪ੍ਰਤੀਤ ॥

ਸੋ ਸਰਬੱਤ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਨੂੰ ਗੁਰੂ ਪੰਥ ਦੀ ਮਰਯਾਦਾ ਅਨੁਸਾਰ ਪਾਠ-ਪੂਜਾ ਅਤੇ ਹੋਰ ਸਾਰੇ ਵਿਵਹਾਰ ਕਰਨੇ ਚਾਹੀਦੇ ਹਨ। ਤਾਂ ਜੋ ਅਸੀਂ ਗੁਰੂ ਮਤਿ ਅਨੁਸਾਰ ਜੀਵਨ ਸਫਲਾ ਕਰ ਸਕੀਏ ਅਤੇ ਸਾਡਾ ਕੀਤਾ ਹੋਇਆ ਪੁੰਨ-ਦਾਨ ਅਤੇ ਪਾਠ-ਪੂਜਾ ਸਫਲ ਹੋ ਜਾਵੇ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥

www.NihangSingh.org

www.NihangSingh.org

ਮ੍ਰਿਤਕ ਨਮਿੱਤ ਜਾਂ ਮਰਗ ਦਾ ਪਾਠ

ਘਲੇ ਆਵਹਿ ਨਾਨਕ ਸਦੇ ਉਠੀ ਜਾਹਿ ॥

ਜੋ ਆਇਆ ਸੋ ਚਲਸੀ ਸਭ ਕੋਈ ਆਈ ਵਾਰੀਐ ॥

ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥

ਦੇ ਮਹਾਂਵਾਕ ਅਨੁਸਾਰ ਜਿਸ ਸਮੇਂ ਵੀ ਕੋਈ ਮਾਈ ਭਾਈ, ਬਜ਼ੁਰਗ ਜਾਂ ਕੋਈ ਵੀ ਪ੍ਰਾਣੀ ਚੜ੍ਹਾਈ ਕਰ ਜਾਂਦਾ ਹੈ ਤਾਂ ਪ੍ਰਾਣੀ ਦੇ ਭਲੇ ਵਾਸਤੇ ਜਾਂ ਕਲਿਆਣ ਵਾਸਤੇ ਪਰਿਵਾਰ ਵੱਲੋਂ ਸ੍ਰੀ ਸਹਿਜ ਪਾਠ ਜਾਂ ਸ੍ਰੀ ਅਖੰਡ ਪਾਠ ਆਰੰਭ ਕਰਵਾਇਆ ਜਾਂਦਾ ਹੈ।

ਮ੍ਰਿਤਕ ਜਾਂ ਮਰਗ ਦੇ ਪਾਠ ਦੀ ਮਰਯਾਦਾ ਇਸ ਪ੍ਰਕਾਰ ਹੈ ਕਿ ਜਦੋਂ ਪ੍ਰਾਣੀ ਦਾ ਸਸਕਾਰ ਕੀਤਾ ਜਾਂਦਾ ਹੈ ਤਾਂ ਸਸਕਾਰ ਉਪਰੰਤ ਸਾਰੀ ਸੰਗਤ (ਜੋ ਵੀ ਸਸਕਾਰ ਕਰਵਾਉਣ ਗਏ ਹੁੰਦੇ ਹਨ।) ਨੂੰ ਗੁਰਦੁਆਰਾ ਸਾਹਿਬ ਆ ਕੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜੂਰੀ ਵਿਚ ਸਜ ਜਾਣਾ ਚਾਹੀਦਾ ਹੈ ਅਤੇ 'ਅਲਾਹਣੀਆਂ' ਦੇ ਪਾਵਨ ਸ਼ਬਦਾਂ ਦਾ ਪਾਠ ਸੁਣਨਾ ਚਾਹੀਦਾ ਹੈ। *ਕੜਾਹ ਪ੍ਰਸ਼ਾਦਿ ਦੀ ਦੇਗ ਤਾਂ ਬਣੀ ਹੀ ਹੁੰਦੀ ਹੈ। ਤਦ 'ਅਲਾਹਣੀਆਂ' ਦੇ ਪਾਠ ਤੇ ਦੇਗ ਦੀ ਅਰਦਾਸ ਦੇ ਨਾਲ ਹੀ ਸ੍ਰੀ ਸਹਿਜ ਪਾਠ ਆਰੰਭ ਕਰ ਦੇਣਾ ਚਾਹੀਦਾ ਹੈ। (ਤਾਂ ਕਿ ਉਦੋਂ ਹੀ ਪ੍ਰਾਣੀ ਨੂੰ ਸਹਾਇਤਾ ਮਿਲਣ ਲੱਗ ਜਾਵੇ।) ਸ੍ਰੀ ਜਪੁਜੀ ਸਾਹਿਬ ਜੀ ਦੀਆਂ ਪੰਜ ਪਉੜੀਆਂ,

ਗੁਰਾ ਇਕ ਦੇਹਿ ਬੁਝਾਈ ॥

ਸਭਨਾ ਜੀਆ ਕਾ ਇਕ ਦਾਤਾ ਸੋ ਮੈ ਵਿਸਰ ਨ ਜਾਈ ॥ ੫ ॥

ਤੱਕ ਪੜ੍ਹਕੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾ ਦੇਣੀ ਚਾਹੀਦੀ ਹੈ। ਜੇ ਗੁਰਦੁਆਰੇ ਸਾਹਿਬ ਹੀ ਪਾਠ ਕਰਨਾ ਹੋਵੇ ਤਾਂ ਭੋਗ ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਘਰ ਲਿਆ ਕੇ ਵੀ ਭੋਗ ਪਾਇਆ ਜਾ ਸਕਦਾ ਹੈ। ਜੇਕਰ ਪਾਠ ਘਰ ਕਰਨਾ ਹੋਵੇ ਤਾਂ ਉਸੇ ਦਿਨ ਤੋਂ ਹੀ ਜਾਂ ਦੂਸਰੇ ਦਿਨ ਪਾਵਨ ਸਰੂਪ ਘਰ ਲਿਆ ਕੇ ਪਾਠ ਆਰੰਭ ਕਰ ਦੇਣਾ ਚਾਹੀਦਾ ਹੈ।

---

*ਕੜਾਹ ਪ੍ਰਸ਼ਾਦਿ ਦੀ ਦੇਗ ਜਰੂਰ ਸਜਾਉਣੀ ਚਾਹੀਦੀ ਹੈ ਅਤੇ ਦੇਗ ਦੇ ਕੋਲ ਸ੍ਰੀ ਅਨੰਦ ਸਾਹਿਬ ਦਾ ਸੰਪੂਰਨ ਪਾਠ ਕਰ ਦੇਣਾ ਚਾਹੀਦਾ ਹੈ।

www.NihangSingh.org

www.NihangSingh.org

ਜਿਸ ਦਿਨ ਪ੍ਰਾਣੀ ਦਾ ਸਸਕਾਰ ਕੀਤਾ ਜਾਂਦਾ ਹੈ, ਉਸ ਦਿਨ ਤੋਂ ਦਸਵੇਂ ਦਿਨ ਭੋਗ ਪਾਉਣਾ ਚਾਹੀਦਾ ਹੈ। ਭੋਗ ਰਾਗ ਮਾਲਾ ਪੜ੍ਹਕੇ ਅਤੇ 'ਰਾਮਕਲੀ ਸੱਦ' ਪੜ੍ਹਕੇ ਪਾਉਣਾ ਅਤੇ ਭੋਗ ਤੋਂ ਬਾਅਦ ਵੈਰਾਗ-ਮਈ ਸ਼ਬਦਾਂ ਦਾ ਕੀਰਤਨ ਕਰਨਾ। (*ਕਈ ਜਗ੍ਹਾ ਸ੍ਰੀ ਸਹਿਜ ਪਾਠ ਜਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਵੇਲੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਪੜ੍ਹ ਦਿੰਦੇ ਹਨ ਅਤੇ ਕਈ ਜਗ੍ਹਾ ਨਹੀਂ ਪੜ੍ਹਦੇ।)

ਪਾਠੀ ਸਿੰਘ ਦੀ ਸੇਵਾ ਸ਼ਰਧਾ ਭਾਵਨਾ ਦੇ ਨਾਲ ਕਰਨੀ ਚਾਹੀਦੀ ਹੈ। ਗੁਰੂ ਸਾਹਿਬ ਜੀ ਨੂੰ ਖੁੱਲ੍ਹਾ ਸੁੰਦਰ ਰੁਮਾਲਾ ਭੇਟ ਕਰਨਾ ਚਾਹੀਦਾ ਹੈ। ਜੋ ਸੰਪੂਰਨ ਸਰੂਪ ਉੱਤੇ ਆ ਜਾਵੇ। ਅਰਦਾਸ ਕਰਕੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਉਣ ਤੋਂ ਪਿੱਛੋਂ ਪ੍ਰਾਣੀ ਨਮਿੱਤ ਲੰਗਰ ਵਰਤਾਉਣਾ ਅਤੇ ਵਿਤ ਮੁਤਾਬਕ ਹੋਰ ਪੁੰਨ-ਦਾਨ ਕਰਨਾ। ਪਾਠੀ ਸਿੰਘ ਨੂੰ ਮੁਨਾਸਿਬ ਮਾਇਆ, ਬਸਤਰ, ਬਰਤਨ, ਮੰਜਾ, ਬਿਸਤਰਾ, ਗੁਰੂ ਘਰ ਨੂੰ ਅਰਪਨ ਕਰਨੇ ਚਾਹੀਦੇ ਹਨ। ਕਿਸੇ ਹੋਰ ਲਾਗੀ ਜਾਂ ਬ੍ਰਾਹਮਣ ਆਦਿ ਨੂੰ ਪੁੰਨ-ਦਾਨ ਕਰਨਾ ਗੁਰਮਤਿ ਅਨੁਸਾਰ ਵਿਵਰਜਿਤ ਹੈ। ਖਾਲਸਾ ਸਭ ਤੋਂ ਸ੍ਰੇਸ਼ਟ ਤੇ ਵਿਸ਼ੇਸ਼ ਹੈ। ਸਤਿਗੁਰਾਂ ਨੇ ਕਿਹਾ ਹੈ :-

"ਲੈਣਾ ਦੇਣਾ ਖ਼ਾਲਸੇ.....॥"

---

*ਜਕਰ ਜਪੁਜੀ ਸਾਹਿਬ ਦਾ ਪਾਠ ਕੀਤ ਵੀ ਜਾਵੇ ਤਾਂ ਕੀ ਹਰਜ ਹੈ ? ਕਿਉਂਕਿ ਗੁਰੂ ਸਾਹਿਬ ਜੀ ਨੇ ਸ੍ਰੀ ਜਪੁਜੀ ਸਾਹਿਬ ਦਾ ਬਹੁਤ ਵੱਡਾ ਮਹਾਤਮ ਤੇ ਵਿਡਿਆਈ ਦੱਸੀ ਹੈ। ਹਰ ਇਕ ਸਿੱਖ ਦੇ ਬੱਚੇ ਬੱਚੇ ਤੇ ਗੁਰੂ ਨਾਨਕ ਨਾਮ ਲੇਵਾ ਸਿੱਖ ਹਰ ਰੋਜ਼ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਦੇ ਹਨ।...

ਸਸਕਾਰ ਭੂਮਿਕਾ ਵਿਚ ਵੀ ਜਤੋਂ ਚਿਖਾ ਚਿਣਦੇ ਹਾਂ ਭਾਂ ਸ੍ਰੀ ਜਪੁਜੀ ਸਾਹਿਬ ਪੜ੍ਹਨ ਦਾ ਹੁਕਮ ਹੈ ਜੋ ਕਿ ਗੁਰਮਿਤ ਦਾ ਅਸੂਲ ਹੀ ਹੈ। ਸ੍ਰੀ ਅਖੰਡ ਪਾਠ ਸ਼ੁਰੂ ਹੋਣ ਤੇ ਵੀ ਸ੍ਰੀ ਜਪੁਜੀ ਸਾਹਿਬ ਹੀ ਸੁਣਦੇ ਹਨ ਤੇ ਉਸ ਤੋਂ ਬਾਅਦ ਸਭ ਸੰਗਤ ਚਲੀ ਜਾਂਦੀ ਹੈ। ਇਸ ਤੋਂ ਸਿਵਾਏ ਹੋਰ ਬਾਣੀ ਤਾਂ ਘਟ ਹੀ ਸੁਣਦੇ ਹਨ। ਸ੍ਰੀ ਜਪੁਜੀ ਸਾਹਿਬ ਦਾ ਮਹਾਤਮ ਬਹੁਤ ਮਹਾਨ ਦੱਸਿਆ ਹੈ ਅਤੇ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭਾਤ-ਪੂਜ ਮੰਨਿਆ ਹੈ। ਇਹ ਕਹਕੇ ਜੋਕਰ ਸ੍ਰੀ ਸਹਿਜ ਪਾਠ ਤੇ ਪੰਜ-ਪੜ੍ਹੀਆਂ ਅਤੇ ਸ੍ਰੀ ਅਖੰਡ ਪਾਠ ਤੇ ਸਾਰਾ ਜਪੁਜੀ ਸਾਹਿਬ ਪੜ੍ਹਿਆ ਜਾਵੇ ਤਾ ਕੋਈ ਹਰਜ ਨਹੀਂ, ਸਗੋਂ ਮ੍ਰਿਤਕ ਪ੍ਰਾਣੀ ਨਮਿੱਤ ਵੱਧ ਬਾਣੀ ਪੜ੍ਹੀ ਜਾਵੇਗੀ! ਅਤੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਨਾ ਕਰਨ ਨਾਲ ਸ੍ਰੀ ਅਖੰਡ ਪਾਠ ਸੁਭਾਵਿਮਾਨ ਨਹੀਂ ਹੁੰਦਾ। ਇਸ ਕਰਕੇ ਸ੍ਰੀ ਅਖੰਡ ਪਾਠ ਵੇਲੇ ਸ੍ਰੀ ਜਪੁਜੀ ਸਾਹਿਬ ਸ਼ਰਧਾ ਨਾਲ ਪ੍ਰਕਾਸ਼ ਕਰਨਾ ਤੇ ਸ਼ਰਧਾ ਭਾਵਨਾ ਨਾਲ ਪਾਠ ਕਰਨਾ ਚਾਹੀਦਾ ਹੈ।

www.NihangSingh.org

www.NihangSingh.org

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਫ਼ਰਮਾਣ ਕਰਦੇ ਹਨ –

ਸੇਵ ਕਰੀ ਇਨਹੀ ਕੀ ਭਾਵਤ ਔਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦੀਯੋ ਇਨ ਹੀ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫੇਰ ਇਨਹੀ ਕੋ ਦੀਯੋ ਜਗ ਮੈ ਜਸ ਔਰ ਦੀਯੋ ਸਭ ਫੀਕੋ ॥
ਮੋ ਗ੍ਰਿਹ ਮੈ ਮਨ ਤੇ ਤਨ ਤੇ ਸਿਰ ਲੈ ਧਨ ਹੈ ਸਭ ਹੀ ਇਨ ਹੀ ਕੋ ॥

(ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ ੭੧੧)

ਸੋ ਸਿੱਖ ਸੰਗਤਾਂ ਨੇ ਗੁਰੂ ਗ੍ਰੰਥ–ਪੰਥ ਦੀ ਚਰਨ ਸਰਨ ਵਿਚ ਰਹਿਣਾ ਹੈ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਹੀ ਗੁਰੂਆਂ ਦੀ ਆਤਮਿਕ ਜੋਤ ਹੈ। ਭਾਵ ਨਿਰਗੁਣ ਸਰੂਪ ਹੈ ਅਤੇ ਅਕਾਲੀ ਬਾਣੇ ਵਾਲਾ ਪੰਥ ਸਰਗੁਣ ਸਰੂਪ ਹੈ :-

"ਤਾਬਿਆ ਚਲੈ ਜੋ ਪੰਥ ਕੀ ਖਾਏ ਨ ਜਮ ਕਾ ਬਾਨ ॥"

(ਭਰਥਰੀ ਨਾਮਾ)

ਖਾਲਸੇ ਨੂੰ ਦਾਨ ਕਰਨਾ ਤਾਂ ਭਲਾ ਲਿਖਿਆ ਹੀ ਹੈ। ਗੁਰੂ ਜੀ ਨੇ ਤਾਂ ਸ੍ਰੰਮਟੀ ਬਾਣੇ ਵਾਲੇ ਸਿੱਖ ਦਾ ਦਰਸ਼ਨ ਕਰਨਾ ਵੀ ਦੁਰਲੱਭ ਦੱਸਿਆ ਹੈ। ਸਤਿਗੁਰਾਂ ਦਾ ਫ਼ਰਮਾਣ ਹੈ :-

ਸਜਨ ਭਜਨ ਮਮ ਖਾਲਸਾ, ਖਾਲਸਾ ਪੂਜਬੇ ਜੋਗ ॥
ਦਾਸ ਗੋਬਿੰਦ ਸਿੰਘ ਫਤਹ ਖਾਲਸਾ, ਦਰਸ ਪਰਸ ਮਿਟੇ ਸੋਗ ॥

ਸੋ ਸਾਧ ਸੰਗਤ ਜੀ, ਗੁਰੂ ਸਾਹਿਬ ਜੀ ਨੇ ਕਿਹਾ ਹੈ ਕਿ ਪੂਜਾ ਕਰਨ, ਸੇਵਾ ਕਰਨ ਅਤੇ ਦਾਨ ਕਰਨ ਲੱਗਿਆਂ ਅਕਲ ਅਤੇ ਹੋਸ਼ ਤੋਂ ਕੰਮ ਲੈਣਾ ਚਾਹੀਦਾ ਹੈ। ਮਹਾ ਵਾਕ ਹੈ :-

ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨ ॥
ਅਕਲੀ ਪੜਿ ਕੈ ਬੁਝੀਐ ਅਕਲੀ ਕੰਚੇ ਦਾਨ ॥

(ਅੰਗ ੧੨੪੫)

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਛੇਵੇਂ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨਮਿੱਤ ਬਾਬਾ ਬੁੱਢਾ ਜੀ ਪਾਸੋਂ ਪਾਠ ਕਰਵਾਇਆ ਸੀ ਅਤੇ ਭੋਗ 'ਤੇ ਬਾਬਾ ਜੀ ਨੂੰ ਸਾਰੀ ਪੁਸ਼ਾਕ, ਮੋਹਰਾਂ, ਅਤੇ ਹਾਥੀ ਘੋੜੇ ਅਰਪਨ ਕੀਤੇ ਸਨ। ਫਿਰ ਮਾਤਾ ਗੰਗਾ ਜੀ, ਭਾਈ ਗੁਰਦਾਸ ਜੀ ਅਤੇ ਬਾਬਾ ਬੁੱਢਾ ਜੀ ਨਮਿੱਤ ਸਹਿਜ ਪਾਠ ਛੇਵੇਂ ਪਾਤਸ਼ਾਹ ਜੀ ਨੇ ਕਰਾਏ ਸਨ। ਇਹ ਮਰਯਾਦਾ ਗੁਰੂ ਸਾਹਿਬ ਨੇ ਆਪ ਚਲਾਈ ਹੈ।

www.NihangSingh.org

www.NihangSingh.org

ਜੇ ਸ੍ਰੀ ਅਖੰਡ ਪਾਠ ਕਰਨਾ ਹੋਵੇ ਤਾਂ ਜੋ ਮਰਯਾਦਾ ਪਹਿਲਾਂ ਦੱਸੀ ਹੈ, ਉਹ ਹੀ ਹੈ। ਕੇਵਲ ਮ੍ਰਿਤਕ ਅਖੰਡ ਪਾਠ ਦੇ ਭੋਗ ਵੇਲੇ 'ਰਾਮਕਲੀ ਸੱਦ' ਪੜ੍ਹਨ ਦਾ ਹੀ ਫਰਕ ਹੈ। ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਦਸਵੇਂ ਦਿਨ ਪਾਉਣਾ ਹੈ। ਭਾਵ ਪ੍ਰਾਣੀ ਦੇ ਚੜ੍ਹਾਈ ਕਰ ਜਾਣ ਜਾਂ ਸਸਕਾਰ ਵਾਲੇ ਦਿਨ ਤੋਂ ਅੱਠਵੇਂ ਦਿਨ ਪਾਠ ਅਰੰਭ ਕਰ ਦੇਣਾ। ਜਿਵੇਂ ਸਮਝ ਲਵੋ ਕਿ ਪ੍ਰਾਣੀ ਨੇ ਐਤਵਾਰ ਚੜ੍ਹਾਈ ਕੀਤੀ ਹੈ, ਤਾਂ ਆਉਣ ਵਾਲੇ ਐਤਵਾਰ ਨੂੰ ਪਾਠ ਆਰੰਭ ਕਰ ਕੇ ਮੰਗਲਵਾਰ ਦਸਵੇਂ ਦਿਨ ਭੋਗ ਪਾਉਣਾ ਚਾਹੀਦਾ ਹੈ। ਕੋਈ ਵੀ ਦਿਨ ਹੋਵੇ ਇਸੇ ਪ੍ਰਕਾਰ ਹੀ ਗਿਣਤੀ ਕਰਕੇ ਭੋਗ ਪਾਉਣਾ। ਸ੍ਰੀ ਅਖੰਡ ਪਾਠ ਸਾਹਿਬ ਦੇ ਆਰੰਭ ਦੀ ਅਰਦਾਸ ਤੋਂ ਭੋਗ ਦੀ ਅਰਦਾਸ ਟਿਕ ਘੰਟਾ ਪਹਿਲਾਂ ਹੋਣੀ ਚਾਹੀਦੀ ਹੈ। ਜਿਵੇਂ ਕਿ ਪਹਿਲਾਂ ਲਿਖ ਆਏ ਹਾਂ। ਦਸਹਿਰੇ ਤੱਕ ਸਾਰੀ ਕਿਰਿਆ ਹੋ ਜਾਣੀ ਚਾਹੀਦੀ ਹੈ। ਸੋਗ ਵੀ ਤਿਆਗ ਦੇਣਾ ਚਾਹੀਦਾ ਹੈ। ਰੋਣਾ ਨਹੀਂ ਚਾਹੀਦਾ। ਹੁਕਮ ਹੈ :-

ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਣਿਆ ॥

ਸਗੋਂ 'ਧੁਰ ਕੀ ਬਾਣੀ' ਦੇ ਵੈਰਾਗ ਮਈ ਸ਼ਬਦਾਂ ਦਾ ਕੀਰਤਨ ਕਰਨਾ ਚਾਹੀਦਾ ਹੈ ਅਤੇ ਸਰਬੱਤ ਸੰਗਤ ਇਕਾਗਰ ਹੋ ਕੇ ਕੀਰਤਨ ਸੁਣੇ। ਗੁਰ ਵਾਕ ਹੈ :-

ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥

ਵਾਹਿਗੁਰੂ ਜੀ ਕਾ ਖਾਲਸਾ ॥

ਵਾਹਿਗੁਰੂ ਜੀ ਕੀ ਫਤਹਿ ॥

www.NihangSingh.org

www.NihangSingh.org

ੴ ਸਤਿਗੁਰ ਪ੍ਰਸਾਦਿ

ਦੁਹੂੰ ਗ੍ਰੰਥ ਮੇ ਬਾਨੀ ਜੋਈ ॥ ਚੁਨ ਚੁਨ ਕੰਠ ਕਰੇ ਨਿੱਤ ਸੋਈ ॥
(ਰਹਿਤਨਾਮਾ ਭਾਈ ਦੇਸਾ ਸਿੰਘ)

'ਆਦਿ ਗ੍ਰੰਥ'. 'ਦਸਮ ਗ੍ਰੰਥ' ਦੋਨੋ ਹੀ ਹੈਂ ਪੰਥ ਗ੍ਰੰਥ,
ਧਰਮ ਰਾਜਨੀਤੀ ਲਿਖੀ ਇਨ ਮੇਂ ਮਹਾਨ ਹੈ।
ਪੜ੍ਹੋ ਤੇ ਪ੍ਰਚਾਰੋ, ਪੰਥ ਦਰਦੀਓ ਇਹ ਕੰਮ ਕਰੋ,
ਤਾਂ ਜੋ ਦਸਮ ਗ੍ਰੰਥ ਦਾ *ਵਿਰੋਧੀ ਕੋਈ ਹੋਇ ਨਾਂਹ।
ਸਾਰੇ ਸਿਖ ਸਮਾਜ ਵਿਚ, ਮਿਸ਼ਨਰੀ ਸਪਿਰਟ ਭਰੋ,
ਧਰਮ ਧੀਰਜ ਸ਼ਰਧਾ ਰਖੋ, ਤੱਤਾ ਕੋਈ ਹੋਇ ਨਾਂਹ।
(ਗਿ: ਹਰਬੰਸ ਸਿੰਘ ਜੀ ਚੰਡੀਗੜ੍ਹ)

"ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ" ਜੀ ਦੀ ਮੁਖਾਰਬਿੰਦ ਰਚਨਾ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਨਾਲ ਸਮੂਹ ਸਿੱਖ ਜਗਤ ਵਿਚ ਮਹਾਨ ਆਦਰ ਸਤਿਕਾਰ ਅਤੇ ਪੂਜਨ ਕੀਤਾ ਜਾਂਦਾ ਹੈ। ਸ੍ਰੀ ਸਹਿਜ ਪਾਠ ਅਤੇ ਸ੍ਰੀ ਅਖੰਡ ਪਾਠ ਕੀਤੇ ਜਾਂਦੇ ਹਨ।

ਸੋ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਮਰਯਾਦਾ ਦੇ ਨਾਲ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਮਰਯਾਦਾ ਨੂੰ ਜਰੂਰੀ ਸਮਝਦਿਆਂ, ਗੁਰੂ ਚਰਨਾਂ ਦੇ ਭੌਰੇ, ਬਿਹੰਗਮੀ ਪਹਿਰੇ ਵਿਚ ਵਿਚਰ ਰਹੇ, ਸੰਪ੍ਰਦਾਈ ਵਿਦਵਾਨ, ਸੀਨਾ-ਬਸੀਨਾ ਚੱਲੀ ਆ ਰਹੀ ਮਰਯਾਦਾ 'ਤੇ ਚੱਲਣ ਵਾਲੇ ਸੰਤ ਮਹਾਂਪੁਰਸ਼, ਬਾਬਾ ਤੇਜਾ ਸਿੰਘ ਨਿਹੰਗ ਸਿੰਘ ਜੀ ਨੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਰਯਾਦਾ ਬਹੁਤ ਹੀ ਸੁਚੱਜੇ ਤੇ ਪ੍ਰਮਾਣੀਕ ਢੰਗ ਨਾਲ ਖੋਲ੍ਹ ਕੇ ਲਿਖ ਦਿੱਤੀ ਹੈ। ਜਿਸ ਤੋਂ ਸਮੂਹ ਸੰਗਤਾਂ, ਪਾਠੀ ਗ੍ਰੰਥੀ (ਪਾਠ ਕਰਨ ਕਰਾਉਣ ਵਾਲੇ) ਰੌਸ਼ਨੀ ਪ੍ਰਾਪਤ ਕਰਨਗੇ।

ਫਰਵਰੀ - 1996

ਸੇਵਾਦਾਰ
ਭਾਈ ਹਰਚਰਨ ਸਿੰਘ 'ਖਾਲਸਾ'
ਭਾਈ ਕਾਨ੍ਹ ਸਿੰਘ' 'ਅਕਾਲੀ'

---

*ਗਿ: ਭਾਗ ਸਿੰਘ (ਅੰਬਾਲਾ ਛਾਉਣੀ) ਨੇ ਦਸਮੇਸ਼ ਬਾਣੀ "ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" 'ਤੇ ਕਿੰਤੂ-ਪ੍ਰੰਤੂ ਕਰਦੇ ਹੋਏ 'ਦਸਮ ਗ੍ਰੰਥ ਨਿਰਣੈ' ਪੁਤਤਕ ਲਿਖੀ ਸੀ। ਜਦੋਂ ਇਹ ਪੁਸਤਕ ਪੰਥਕ ਵਿਦਵਾਨਾਂ ਦੇ ਸਾਹਮਣੇ ਆਈ ਤਾਂ ਇਸ ਮਾਮਲੇ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਕੀਤਾ ਗਿਆ। ਉਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਹੁਕਮ ਨਾਮਾ ਜਾਰੀ ਹੋਇਆ ਉਸਦਾ ਹੂ-ਬ-ਹੂ ਉਤਾਰਾ ਪੰਨਾ ਨੰ: ੧੬ ਤੇ ਦਿੱਤਾ ਜਾ ਰਿਹਾ ਹੈ।

www.NihangSingh.org

www.NihangSingh.org

ੴ

ਦਫਤਰ

ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ

ਨੰ: 35748 ਮਿਤੀ 5-7-77

ਹੁਕਮਨਾਮਾ

ਸਿੱਖ ਧਰਮ ਦੇ ਕੁਝ ਕੁ ਬੁਨਿਆਦੀ ਅਸੂਲ ਹਨ, ਜਿਨ੍ਹਾਂ ਵਿਚ ਅਰਦਾਸ ਅਤੇ ਚੌਪਈ (ਹਮਰੀ ਕਰੋ ਹਾਥ ਦੈ ਰੱਛਾ) ਭੀ ਹਨ, ਜੋ ਸਿੱਖ ਧਰਮ ਦੇ ਥੰਮ ਰੂਪ ਹਨ, ਜਿਨ੍ਹਾਂ ਦਾ ਸਮੁੱਚੇ ਤੌਰ 'ਤੇ ਸਾਰੇ ਸਿੱਖ ਜਗਤ ਨਾਲ ਸੰਬੰਧ ਹੈ। ਸਮੂਹ ਸਿੱਖ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋ: ਗੁ: ਪ੍ਰਬੰਧਕ ਕਮੇਟੀ, ਸਿੱਖ ਜਗਤ ਦੇ ਇਤਿਹਾਸਕਾਰ ਅਤੇ ਪੰਥ ਦੇ ਪ੍ਰਸਿੱਧ ਵਿਦਵਾਨਾਂ ਦੇ ਸਮੁੱਚੇ ਫੈਸਲੇ ਤੋਂ ਬਿਨਾਂ ਗਿਆਨੀ ਭਾਗ ਸਿੰਘ ਅੰਬਾਲਾ ਛਾਉਣੀ ਨੇ ਇਕ 'ਦਸਮ ਗ੍ਰੰਥ ਨਿਰਣੈ' ਪੁਸਤਕ ਲਿਖ ਕੇ ਵਿਅਕਤੀਗਤ ਕਿੰਤੂ ਕਰ ਕੇ ਸਿੱਖ ਪੰਥ ਦੇ ਬੁਨਿਆਦੀ ਅਸੂਲਾਂ ਤੇ ਭਾਰੀ ਸੱਟ ਮਾਰ ਕੇ ਘੋਰ ਪਾਪ ਕੀਤਾ ਹੈ। "ਇਸ ਲਈ ਮੈਂ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਦੀ ਹੈਸੀਅਤ ਵਿਚ ਦੇਸ਼ ਅਤੇ ਪ੍ਰਦੇਸ਼ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਸੂਚਿਤ ਕਰਦਾ ਹਾਂ ਕਿ ਜਦ ਤੀਕ ਗਿਆਨੀ ਭਾਗ ਸਿੰਘ ਸ੍ਰੀ ਅਕਾਲ ਤਖਤ ਸਾਹਿਬ ਆਪ ਹਾਜ਼ਰ ਹੋ ਕੇ ਇਸ ਕੀਤੇ ਘੋਰ ਪਾਪ ਦੀ ਪ੍ਰਾਸਚਿਤ ਵਜੋਂ ਮੁਆਫੀ ਨਹੀਂ ਮੰਗਦਾ, ਸਿੱਖ ਸੰਗਤਾਂ ਉਸ ਨੂੰ ਮੂੰਹ ਨਾ ਲਾਉਣ ਅਤੇ ਦੀਵਾਨਾਂ, ਗੁਰਪੁਰਬਾਂ ਆਦਿ ਸਮਾਗਮਾਂ ਵਿਖੇ ਕਿਸੇ ਸੂਰਤ ਵਿਚ ਵੀ ਬੋਲਣ ਦੀ ਆਗਿਆ ਨਾ ਦੇਣ। ਸਿੱਖ ਸੰਗਤਾਂ ਇਸ ਤੇ ਸਖਤੀ ਨਾਲ ਅਮਲ ਕਰਨ।"

(ਸਹੀ) ਸਾਧੂ ਸਿੰਘ ਜਥੇਦਾਰ

ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਜੀ।

ਨੋਟ :- ਹੁਕਮਨਾਮੇ ਵਿਚ ਅਰਦਾਸ ਅਤੇ ਚੌਪਈ (ਹਮਰੀ ਕਰੋ ਹਾਥ ਦੈ ਰੱਛਾ) ਦਾ ਖਾਸ ਜਿਕਰ ਆਯਾ ਹੈ। 'ਚੌ ਪਈ' ਤ੍ਰਿਯਾ ਚਰਿੱਤ੍ਰਾਂ ਦੇ ਸਤ ਤੋਂ ਅਧੀਕ ਤੇ ਚਰਿੱਤ੍ਰ ਦੀ ਬਾਣੀ ਹੈ। (ਤ੍ਰਿਯਾ ਚਰਿੱਤ੍ਰਾਂ ਤੇ ਹੀ ਕੁਝਕੁ ਅਖੌਤੀ ਵਿਦਵਾਨ ਉਂਟੰਕਣ ਕਰਦੇ ਹਨ)

(ਬਾਕੀ ਸਫਾ ੧੮ ਤੇ ਦੇਖੋ)

www.NihangSingh.org

www.NihangSingh.org

ਮੁੱਖ ਸ਼ਬਦ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉਪਰੰਤ ਦੂਜੇ ਨੰਬਰ ਤੇ ਸਿਖ ਕੌਮ ਵਿਚ ਜੋ ਧਾਰਮਕ ਗ੍ਰੰਥ ਸਤਿਕਾਰਿਆ ਜਾਂਦਾ ਹੈ ਉਹ ਹੈ 'ਦਸਮ ਗ੍ਰੰਥ'। ਨਿਰਸੰਦੇਹ ਦਸਮੇਸ਼ ਪਿਤਾ ਜੀ ਨੇ ਗੁਰਗੱਦੀ ਆਦਿ ਸ੍ਰੀ (ਗੁਰੂ) ਗ੍ਰੰਥ ਪੰਥ ਨੂੰ ਦਿੱਤੀ ਸੀ, ਪਰ ਸ੍ਰੀ ਦਸਮ ਗ੍ਰੰਥ ਦੀ ਸਥਾਪਨਾ ਉਸ ਸਮੇਂ ਨਹੀਂ ਸੀ ਹੋਈ। ਸ੍ਰੀ ਦਸਮ ਗ੍ਰੰਥ ਦੀ ਲਿਖਾਈ ਦਸਮੇਸ਼ ਪਿਤਾ ਜੀ ਦੁਆਰਾ ਕਰਕੇ ਇਹ ਸਾਡੇ ਪੂਜਯ ਗ੍ਰੰਥ ਹਨ। ਇਹੋ ਕਾਰਣ ਹੈ ਕਿ ਪ੍ਰਾਚੀਨ ਸਮੇਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾਲ ਸ੍ਰੀ ਦਸਮ ਗ੍ਰੰਥ ਦਾ ਪ੍ਰਕਾਸ਼ ਵੀ ਗੁਰ ਅਸਥਾਨਾਂ ਤੇ ਹੁੰਦਾ ਸੀ। ਪਾਵਨ ਤਖਤਾਂ ਉਤੇ ਵੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾਲ ਸ੍ਰੀ ਦਸਮ ਗ੍ਰੰਥ ਦਾ ਪ੍ਰਕਾਸ਼ ਹੁੰਦਾ ਰਿਹਾ ਅਤੇ ਅੱਜ ਵੀ ਤਖਤ ਸ੍ਰੀ ਪਟਨਾ ਸਾਹਿਬ, ਤਖਤ ਸ੍ਰੀ ਹਜੂਰ ਸਾਹਿਬ ਤੇ ਪੰਜਵਾਂ ਤਖਤ ਬੁੱਢਾ ਦਲ ਚਲਦਾ ਵਹੀਰ ਵਿਚ ਵੀ ਇਸ ਰਹੁਰੀਤੀ ਦੇ ਦਰਸ਼ਨ ਕੀਤੇ ਜਾ ਸਕਦੇ ਹਨ।

ਸਿੱਖ ਧਰਮ ਦੀਆਂ ਬਾਕੀ ਸੰਸਥਵਾਂ, ਉਦਾਸੀ, ਨਿਰਮਲੇ ਅਤੇ ਨਾਮਧਾਰੀ ਸੰਪ੍ਰਦਾਵਾਂ ਆਦਿ ਵੀ ਇਸ ਗ੍ਰੰਥ ਦਾ ਸਤਿਕਾਰ ਕਰਦੀ ਆਂ ਹਨ। ਵਿਸ਼ੇਸ਼ ਗੱਲ ਇਹ ਹੈ ਕਿ ਇਨ੍ਹਾਂ ਸੰਪ੍ਰਦਾਵਾਂ ਦੀ ਮਤਯਾਦਾ ਸੀਨਾ-ਬਸੀਨਾ ਚਲੀ ਅਉਂਦੀ ਹੈ ਭਾਵ ਇਕ ਆਗੂ ਜਾਂ ਮਹੰਤ ਤੋਂ ਜਿਵੇਂ ਉਸ ਦੇ ਅਨੁਆਈ ਨੇ ਜੋ ਮਰਯਾਦਾ ਸਿੱਖੀ ਉਹ ਉਸੇ ਰੂਪ ਵਿਚ ਉਸ ਦਾ ਪਰਚਾਰ ਕਰਦਾ ਆ ਰਿਹਾ ਹੈ। ਇਸ ਦਾ ਸਪਸ਼ਟ ਭਾਵ ਇਹੋ ਹੈ ਕਿ ਸਮੁਚੇ ਸਿਖ ਪੰਥ ਨੂੰ ਸ੍ਰੀ ਦਸਮ ਗਰੰਥ ਉਤੇ ਗੌਰਵਤਾ ਸੀ ਜਿਸ ਕਰਕੇ ਸ਼ਬਦ ਗੁਰੂ ਦੇ ਨਾਲ ਨਾਲ ਇਹ ਦੂਜਾ ਗਰੰਥ ਵੀ ਸਤਿਕਾਰਿਆ ਜਾਂਦਾ ਰਿਹਾ। ...

(ਸ੍ਰੀ ਦਸਮ ਗ੍ਰੰਥ ਦਰਪਣ ਵਿਚੋਂ ਧੰਨਵਾਦ ਸਹਿਤ)

www.NihangSingh.org

www.NihangSingh.org

ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਸਾਹਿਬ

ਹੁਣ ਸਾਹਿਬ ਕਲਗੀਧਰ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਮੁਖਾਰਬਿੰਦ ਰਚਨਾ ਦਸਮ ਸ੍ਰੀ ਗਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਅਤੇ ਸ੍ਰੀ ਸਹਿਜ ਪਾਠ ਦੀ ਸੰਪੂਰਨ ਮਰਯਾਦਾ ਲਿਖਦੇ ਹਾਂ।

ਸਾਧ ਸੰਗਤ ਜੀ, ਜੇਕਰ ਆਪ ਜੀ ਨੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਕਰਨਾ ਜਾਂ ਕਰਵਾਉਣਾ ਹੋਵੇ ਤਾਂ ਮਰਯਾਦਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਲੀ ਹੂ ਬ-ਹੂ ਉਹੀ ਹੈ। ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ (ਦਸ ਗ੍ਰੰਥੀ) ਜਾਪੁ ਸਾਹਿਬ ਪ੍ਰਕਾਸ਼ ਕਰਨਾ ਹੈ। ਉਹ ਵੀ ਖੱਬੇ ਪਾਸੇ ਹੀ ਪ੍ਰਕਾਸ਼ ਕਰਨਾ ਹੈ। ਜਿਵੇਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ (ਪੰਜ ਗ੍ਰੰਥੀ) ਜਪੁਜੀ ਸਾਹਿਬ ਪ੍ਰਕਾਸ਼ ਕਰਦੇ ਹਾਂ। ਦੇਗ ਸੱਜੇ ਪਾਸੇ ਉਸੇ ਪ੍ਰਕਾਰ ਹੀ ਜਿਵੇਂ ਪਹਿਲਾਂ ਦੱਸਿਆ ਗਿਆ ਹੈ।

ਹੋਰ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੇਦ ਇਹੀ ਹੈ ਕਿ ਸਾਰੀ ਸਮੱਗਰੀ ਦੁਗਣੀ ਹੁੰਦੀ ਹੈ। ਖਰਚ ਵੀ ਦੁਗਣਾ ਹੁੰਦਾ ਹੈ। ਮਾਇਆ ਪੂਜਾ ਵੀ ਦੁਗਣੀ ਹੁੰਦੀ ਹੈ। ਦਸ (੧੦) ਪਾਠੀ ਸਿੰਘ ਤਿਆਰ ਬਰ ਤਿਆਰ ਅਤੇ ਪੰਜ ਪਹਿਰੇਦਾਰ ਵੀ ਅੰਮ੍ਰਿਤਧਾਰੀ, ਰਹਿਤਧਾਰੀ ਅਤੇ ਨਿੱਤਨੇਮੀ ਹੋਣੇ ਚਾਹੀਦੇ ਹਨ। ਜਿਨ੍ਹਾਂ ਨੇ ਦਰਵਾਜੇ ਤੇ ਨੰਗੀ ਤਲਵਾਰ ਦਾ ਪਹਿਰਾ ਦੇਣਾ ਹੁੰਦਾ ਹੈ।

(ਸਫਾ ੧੬ ਦੀ ਬਾਕੀ)

ਇਸ ਤੋਂ ਪਹਿਲਾਂ ਵੀ ਬੀਬੀ ਨਿਰੰਜਨ ਕੌਰ ਅਤੇ ਬਾਬੂ ਤੇਜਾ ਸਿੰਘ ਭਸੌੜੀਏ ਨੇ "ਅਰਦਾਸ" ਵਿਚ, ਗੁਰਮੰਤ੍ਰ ਵਿੱਚ, ਅੰਮ੍ਰਿਤ ਮਰਯਾਦਾ ਵਿਚ ਵਾਧਾ ਘਾਟਾ ਕੀਤਾ ਸੀ ਇਹਨਾਂ ਦੋਹਾਂ ਨੂੰ ਵੀ ੧੦ ਜੁਲਾਈ ੧੯੨੮ ਈ: ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਪੰਥ ਚੋਂ ਖਾਰਜ ਕੀਤਾ ਸੀ।

ਇਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਜਿਹੜੇ ਵੀ ਅਖੌਤੀ ਵਿਦਵਾਨ ਆਦਿ ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਦੋਹਾਂ ਹੀ ਪਾਵਨ ਗ੍ਰੰਥਾਂ) ਦੀ ਸਮੂਹ ਬਾਣੀ ਤੇ ਕਿੰਤੂ ਕਰਦੇ ਹਨ ਉਹ ਵਿਅਕਤੀ ਸ੍ਰੀ ਅਕਾਲ ਤਖਤ ਸਾਹਿਬ ਜੀ ਵੱਲੋਂ ਪਹਿਲਾਂ ਹੀ ਭਨਖਾਹੀਏ ਅਤੇ ਛੇਕੇ ਹੋਏ ਹਨ।

www.NihangSingh.org

www.NihangSingh.org

ਚੱਲ ਰਹੇ ਅਖੰਡ ਪਾਠ ਪ੍ਰਵਾਹ ਵਿਚ ਉੱਚੀ ਨਹੀਂ ਬੋਲਣਾ। ਰੌਲਾ ਨਹੀਂ ਪਾਉਣਾ। ਗਰਮੇਸ਼ ਵਿਚ ਨਹੀਂ ਆਉਣਾ। ਮਤਲਬ ਕੀ ਕਿਸੇ ਨੇ ਵੀ ਗੁੱਸੇ ਅਤੇ ਨਾਰਾਜਗੀ ਵਿਚ ਨਹੀਂ ਆਉਣਾ। ਕਿਉਂਕਿ ਇਹ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸ਼ਾਂਤ ਅਤੇ ਠੰਢੇ ਹਿਰਦੇ ਨਾਲ ਪੜ੍ਹਨਾ ਤੇ ਸਰਵਣ ਕਰਨਾ ਹੈ। ਇਹ ਖਾਲਸਾ ਮਰਯਾਦਾ ਸੰਤਾਂ ਮਹਾਂਪੁਰਸ਼ਾਂ ਤੇ ਆਮ ਗੁਰਸਿੱਖਾਂ ਦੀ ਸ਼ਾਂਤਮਈ ਮਰਯਾਦਾ ਹੈ।

ਇਹ ਜਰੂਰ ਯਾਦ ਰੱਖਣਾ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਨਾਲ ਜਰੂਰ ਕਰਨਾ। ਸਵੇਰੇ ਸ਼ਾਮ ਹੁਕਮਨਾਮਾ ਲੈਣਾ ਅਤੇ ਫਿਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ਾਮ ਨੂੰ ਹੁਕਮਨਾਮਾ ਲੈ ਕੇ ਸੁਖ ਆਸਣ ਕਰ ਦੇਣੇ ਚਾਹੀਦੇ ਹਨ। ਸਵੇਰੇ ਫਿਰ ਪ੍ਰਕਾਸ਼ ਕਰਨੇ ਚਾਹੀਦੇ ਹਨ। ਤਿੰਨੇ ਦਿਨ ਇਸੇ ਪ੍ਰਕਾਰ ਹੀ ਕਰਨਾ ਹੈ। ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਜਾਰੀ ਰਹੇ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਵੇਰੇ ਪ੍ਰਕਾਸ਼ ਕਰਨਾ ਅਤੇ ਸ਼ਾਮ ਨੂੰ ਸੁਖ ਆਸਣ ਕਰਨਾ। ਸ੍ਰੀ ਅਖੰਡ ਪਾਠ ਸਾਹਿਬ ਵਿਚ ਤਿੰਨੇ ਦਿਨ ਹੀ ਦੇਸੀ ਘਿਓ ਵਰਤਣਾ।

ਮੱਧ :- ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਮੱਧ ਸ਼ਸਤਰ ਨਾਮ ਮਾਲਾ ਤੇ ਭੀ ਲੱਗ ਸਕਦਾ ਹੈ। ਉਂਝ ਤਾਂ ਸ਼ਬਦ ਹਜ਼ਾਰਿਆਂ ਦੇ ਆਰੰਭ :-

"ੴ ਸਤਿਗੁਰ ਪ੍ਰਸਾਦਿ ॥ ਰਾਮਕਲੀ ਪਾਤਸ਼ਾਹੀ ੧੦ ॥
ਰੇ ਮਨ ਐਸੋ ਕਰਿ ਸੰਨਿਆਸਾ ॥ ਬਨ ਸੇ ਸਦਨ ਸਭੈ
ਕਰਿ ਸਮਝਹੁ ਮਨ ਹੀ ਮਾਹਿ ਉਦਾਸਾ ॥ ...." (੭੦੬)

ਤੇ ਮੱਧ ਲੱਗਣਾ ਚਾਹੀਦਾ ਹੈ। ਕਈ ਨਿਹੰਗ ਸਿੰਘਾਂ ਦੇ ਦਲਾਂ ਵਿਚ ਖਾਲਸਾ ਮਹਿਮਾ ਵਾਲੇ ਸਵੈਯਾਂ

ੴ ਸ੍ਰੀਯਾ ਪਾਤਸ਼ਾਹੀ ੧੦ (ਅੰਗ ੭੧੬)
....ਇਨਹੀ ਕੀ ਕਿਰਪਾ ਕੇ ਸਜੇ ਹਮ ਹੈਂ ॥

ਤੇ ਮੱਧ ਲਾਉਂਦੇ ਹਨ।

ਭੋਗ :- ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਭੋਗ ਪਿਛਲੀਆਂ ਦੋ ਹਕਾਇਤਾਂ ਤੇ ਪਾਉਣਾ।

www.NihangSingh.org

www.NihangSingh.org

ੴ ਵਾਹਿਗੁਰੂ ਜੀ ਕੀ ਫਤੇ ॥
ਤੁਈਂ ਦਸਤਗੀਰ ਅਸਤ ਦਰ ਮਾਂਦਗਾਂ ॥ (ਅੰਗ ੧੪੨੫)

ਤੋਂ ਸ਼ੁਰੂ ਕਰਨਾ । ਫੇਰ ਬਾਹਰਵੀਂ ਹਿਕਾਯਤ,

'ਗਮੇ ਹਰ ਦੂ ਆਲਮ ਫਰਾਮੋਸ਼ ਕੁਨ ॥ ੨੧ ॥ ੧੨ ॥

ਪੜ੍ਹਕੇ ਸ੍ਰੀ ਜਾਪੁ ਸਾਹਿਬ ਦਾ ਸੰਪੂਰਨ ਪਾਠ ਕਰਨਾ । ਉਸ ਤੋਂ ਬਾਅਦ ਤਰਤੀਬਵਾਰ ਸ਼ਬਦ ਹਜ਼ਾਰੇ ਪਾ: ੧੦ ॥

ਰੇ ਮਨ ਐਸੋ ਕਰਿ ਸੰਨਿਆਸਾ ॥....(ਅੰਗ ੭੭੬)

ੴ ਸ੍ਰੀਯਾ ਪਾਤਿਸ਼ਾਹੀ ੧੦ ॥
ਜੋ ਕਿਛੁ ਲੇਖੁ ਲਿਖਿਓ ਵਿਧਨਾ ॥ ...
ਦੋਹਰਾ ॥ ਚਟਪਟਾਇ ਚਿਤ ਮੈ ਜਰਿਓ ਤ੍ਰਿਣ ਜਿਉ ਕ੍ਰੁਧਤ ਹੋਇ ॥
ਖੋਜ ਰੋਜ ਕੇ ਹੇਤ ਲਗ ਦਯੋ ਸਿਸ੍ ਜੂ ਰੋਇ ॥ ੪ ॥

ਫਿਰ ਸ਼ਸਤਰ ਨਾਮ ਮਾਲਾ ਦਾ ਪਹਿਲਾ ਧਿਆਇ (ਅੰਗ ੭੧੭) ।

ਫਿਰ ਅੰਗ ੧੩੮੫ ਤੋਂ

ਦੋਹਰਾ ॥ ਮਹਾਂਕਾਲ ਕੀ ਜੋ ਸਰਨਿ ਪਰੇ ਨ ਲਏ ਬਰਾਇ ॥
ਔਰ ਨ ਉਪਜਾ ਦੂਸ੍ ਜਗੁ ਭੱਛਜੋ ਸਭੈ ਬਨ ਇ ॥ ੩੬੬ ॥

ਤੋਂ ਸ਼ੁਰੂ ਕਰਕੇ ਚੌਪਈ ਸਾਹਿਬ ਸੰਪੂਰਨ ਤੇ

ਇਤਿ ਸ੍ਰੀ ਚਰਿਤ੍ ਪਖਯਾਨੇ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ
ਚਾਰ ਸੌ ਪਾਂਚ ਚਰਿ੍ ਸਮਾਪਤ ਮਸਤੁ ਸੁਭ ਮਸਤੁ ॥ਅਫਜੂੰ॥

ਤੱਕ ਪੜ੍ਹ ਕੇ ਭੋਗ ਪਾਉਣਾ । ਭੋਗ ਦੇ ਸਮੇਂ ਸੁੰਦਰ ਰੁਮਾਲੇ ਹੋਣੇ ਚਾਹੀਦੇ ਹਨ । ਜਿਨ੍ਹਾਂ ਨਾਲ ਸਰੂਪ ਚੰਗੀ ਤਰ੍ਹਾਂ ਢਕੇ ਜਾਣ । ਪਿੱਛੇ ਦੱਸਿਆ ਹੈ ਕਿ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਪ੍ਰਕਾਸ਼ ਹੋਣ । ਸੋ ਇਹ ਜਰੂਰ ਯਾਦ ਰੱਖਣਾ ਕਿ ਭੋਗ ਭਾਵੇਂ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਪੈਣਾ ਹੈ । ਪਰ 'ਰੁਮਾਲਾ' ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਵੀ ਨਾਲ ਹੋਣਾ ਜਰੂਰੀ ਹੈ, ਭੁੱਲਣਾ ਨਹੀਂ । ਪਾਵਨ ਸਰੂਪਾਂ ਉੱਪਰ ਨਵੇਂ ਰੁਮਾਲੇ ਦੇ ਕੇ ਨਾਲ ਹੀ ਅਰਦਾਸ ਸ਼ੁਰੂ ਕਰ ਦੇਣੀ । ਅਰਦਾਸ ਦੇ ਅਖੀਰ 'ਤੇ

ਨਾਨਕ ਨਾਮ ਚੜ੍ਹਦੀ ਕਲਾ । ਤੇਰੇ ਭਾਣੇ ਸਰਬੱਤ ਦਾ ਭਲਾ ।

www.NihangSingh.org

www.NihangSingh.org

ਫਿਰ ਸ਼ਰਧਾ ਪਿਆਰ ਨਾਲ *ਮੱਥਾ ਟੇਕ ਕੇ, ਫਿਰ ਖੜੇ ਹੋ ਕੇ ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥ ਬੁਲਾ ਕੇ ਦੋਹਰਾ ॥ ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ ॥
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ ॥
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ॥

....

ਫਿਰ ਪੰਜ ਜੈਕਾਰੇ ਗਜਾ ਕੇ ਫਤਹਿ ਬੁਲਾਉਣੀ ਅਤੇ ਫਤਹਿ ਬੁਲਾ ਕੇ ਹੁਕਮਨਾਮਾ ਲੈਣਾ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੀ ਹੁਕਮਨਾਮਾ ਲੈਣਾ। ਫਿਰ ਸਮੇਂ ਅਨੁਸਾਰ ¶ਆਰਤੀ ਦੇ ਸ਼ਬਦਾਂ ਦਾ ਜਾਂ ਹੋਰ ਸਮੇਂ ਮੁਤਾਬਿਕ ਢੁਕਵੇਂ ਸ਼ਬਦਾਂ ਦਾ ਕੀਰਤਨ ਅਤੇ ਕਥਾ ਵੀਚਾਰ ਕਰਨੀ।

(ਨੋਟ:- ਅਰਦਾਸ ਵੇਲੇ ਸਾਰੀ ਸਾਧ ਸੰਗਤ ਨੇ ਸਤਿਗੁਰਾਂ ਦੀ ਪਾਵਨ ਹਜ਼ੂਰੀ ਵਿਚ ਸ਼ਰਧਾ ਭਾਵਨਾ ਅਦਬ ਸਤਿਕਾਰ ਨਾਲ ਖੜੇ ਹੋ ਕੇ, ਦੋਨੋਂ ਹੱਥ ਜੋੜ ਕੇ, ਉਂਗਲਾਂ ਸਿੱਧੀਆਂ ਰੱਖਕੇ, ਸਾਵਧਾਨ ਹੋਕੇ ਲੱਤਾਂ ਤੇ ਇੱਕੋ ਜਿਹਾ ਭਾਰ ਰੱਖਣਾ। ਮਨ ਦੀ ਇਕਾਗਰਤਾ ਨਾਲ ਅਰਦਾਸ ਕਰਨੀ ਅਤੇ ਸੁਣਨੀ। ਜਦੋਂ ਅਰਦਾਸੀਆ ਸਿੰਘ ਕਹੇ, "ਬੋਲੋ ਜੀ ਵਾਹਿਗੁਰੂ" ਤਾਂ ਸਰਬੱਤ ਸੰਗਤ ਨੇ ਇਕਸੁਰ ਪਿਆਰ ਨਾਲ ਵਾਹਿਗੁਰੂ ਬੋਲਣਾ।)

---

*ਹੁਣ ਤਾਂ ਭਾਵੇਂ ਭੋਗ ਦੇ ਸਮੇਂ ਅਰਦਾਸ ਕਰਨ ਅਤੇ ਮੱਥਾ ਟੇਕਣ ਦਾ ਬਚਨ ਚੱਲ ਰਿਹਾ ਹੈ, ਪਰ ਜਦੋਂ ਵੀ ਅਸੀਂ ਸਤਿਗੁਰਾਂ ਦੇ ਦਰਸ਼ਨ ਕਰਨ ਸਮੇਂ ਮੱਥਾ ਟੇਕਣਾ ਹੈ, ਤਾਂ ਗੁਰੂ ਸਾਹਿਬ ਜੀ ਨੂੰ ਪ੍ਰਤੱਖ ਸਮਝ ਕੇ ਭਾਵਨਾ ਅਤੇ ਪਿਆਰ ਨਾਲ, ਮੱਥਾ ਧਰਤੀ 'ਤੇ ਲੱਗਾ ਹੋਵੇ, ਹੱਥਾਂ ਦੀਆਂ ਦੋਵੇਂ ਤਲੀਆਂ ਹੇਠਾਂ ਵੱਲ, ਸਿਰ ਦੇ ਦੋਹੀਂ ਪਾਸੀਂ, ਧਰਤੀ ਉੱਪਰ ਲੱਗੀਆਂ ਹੋਣ। ਉਸ ਸਮੇਂ ਸਮਝਣਾ ਕਿ ਮੇਰਾ ਮੱਥਾ ਅਤੇ ਦੋਵੇਂ ਹੱਥ ਸਤਿਗੁਰਾਂ ਦੇ ਪਾਵਨ ਕਮਲ ਸਖੀਰੇ ਚਰਨਾਂ ਪਰ ਹਨ।

ਕਈ ਮੱਥਾ ਟੇਕਣ ਲੱਗੇ ਹੱਥ ਦੀਆਂ ਤਲੀਆਂ ਉੱਪਰ ਨੂੰ ਕਰ ਲੈਂਦੇ ਹਨ ਜਾਂ ਹਜ਼ੂਰੀ ਵਿਚ ਖੜ੍ਹ ਕੇ ਬੁਕ ਜਿਹਾ ਕਰ ਲੈਂਦੇ ਹਨ ਜਾਂ ਝੋਲੀ ਅੱਡ ਲੈਂਦੇ ਹਨ। ਅਜਿਹਾ ਕਰਨਾ ਠੀਕ ਨਹੀਂ, ਮਨਮੱਤ ਹੈ।

¶ਸ੍ਰੀ ਅੰਮ੍ਰਿਤਸਰ ਸਾਹਿਬ ਸ੍ਰੀ ਦਰਬਾਰ ਸਾਹਿਬ ਜੀ ਵਿਖੇ, ਆਰਤੀ ਦੇ ਸ਼ਬਦਾਂ ਦਾ ਕੀਰਤਨ, ਜੋੜੀ ਵਾਜੇ ਨਾਲ ਬੈਠ ਕੇ ਕੀਤਾ ਜਾਂਦਾ ਹੈ। ਭਿੰਡਰਾਂ ਵਾਲੇ ਜੱਥੇ ਵਿਚ ਵੀ ਅਤੇ ਕੁਝ ਕੁ ਹੋਰ ਸਿੱਖ ਜਥੇਬੰਦੀਆਂ ਵਿਚ ਵੀ ਜੋੜੀ ਵਾਜੇ ਨਾਲ ਆਰਤੀ ਦੇ ਸ਼ਬਦ ਬੈਠ ਕੇ ਹੀ ਪੜੇ ਜਾਂਦੇ ਹਨ। ਪਰ ਤਖਤ ਸ੍ਰੀ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ, ਸ੍ਰੀ ਪਟਨਾ ਸਾਹਿਬ ਵਿਖੇ ਅਤੇ ਨਿਹੰਗ ਸਿੰਘਾਂ ਦੇ ਸਾਰੇ ਹੀ ਦਲਾਂ ਵਿਚ ਆਰਤੀ, ਆਰਤੇ ਦੇ ਸ਼ਬਦ ਖੜ੍ਹ ਕੇ ਪੜੇ ਜਾਂਦੇ ਹਨ।

www.NihangSingh.org

www.NihangSingh.org

ਸਾਰੇ ਪਾਠੀ ਸਿੰਘਾਂ ਅਤੇ (ਸੇਵਾਦਾਰ) ਪਹਿਰੇਦਾਰਾਂ ਨੂੰ ਸ਼ਰਧਾ ਭਾਵਨਾ ਨਾਲ ਬਸਤਰ ਸਿਰੋਪਾ ਆਦਿ ਅਰਪਨ ਕਰਨੇ।

ਸ੍ਰੀ ਕੜਾਹ ਪ੍ਰਸ਼ਾਦ ਦੀ ਦੇਗ ਕਾਫੀ ਜਿਆਦਾ ਖੁੱਲ੍ਹੀ ਵਰਤਾਈ ਜਾਵੇ। ਗੁਰੂ ਕਾ ਲੰਗਰ ਵੀ ਖੁੱਲ੍ਹਾ ਡੁੱਲਾ ਵਰਤਣਾ ਚਾਹੀਦਾ ਹੈ, ਜੈਸਾ ਕਿ ਮਠਿਆਈ, ਲੱਡੂ, ਜਲੇਬੀਆਂ ਅਤੇ ਚੌਲ ਆਦਿ ਹੋਣੇ ਚਾਹੀਦੇ ਹਨ।

ਸਾਧ ਸੰਗਤ ਜੀ! ਦਸ਼ਮ ਸ੍ਰੀ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦਾ ਬੇਅੰਤ ਹੀ ਮਹਾਤਮ ਹੈ ਅਤੇ ਮਨ ਇੱਛਤ ਫਲ ਦੀ ਪ੍ਰਾਪਤੀ ਹੁੰਦੀ ਹੈ। ਸਾਹਿਬ ਕਲਗੀਧਰ ਪਾਤਿਸ਼ਾਹ ਸ੍ਰੀ ਦਸਮੇਸ਼ ਪਿਤਾ ਜੀ ਨੇ ਪੜ੍ਹਨ ਸੁਣਨ ਦੀ ਬਹੁਤ ਹੀ ਮਹਾਨਤਾ ਤੇ ਵਰ ਵਡਿਆਈ ਬਖਸ਼ਿਸ਼ ਕੀਤੀ ਹੈ। ਸਾਹਿਬ ਜੀ ਦਾ ਫੁਰਮਾਣ ਹੈ :—

....ਜਾਹਿ ਨਮਿੱਤ ਪੜੈ ਸੁਨਿ ਹੈ ਨਰ
ਸੋ ਨਿਸਚੈ ਕਰਿ ਤਾਹਿ ਦਈ ਹੈ ॥ ੨੩੨ ॥
ਦੋਹਰਾ ॥ ਗ੍ਰੰਥ ਸਤਿ ਸਇਆ ਕੇ ਕਰਿਓ
ਜਾ ਸਮ ਅਵਰ ਨ ਕੋਇ ॥
ਜਿਹ ਨਮਿੱਤ ਕਵਿ ਨੇ ਕਹਿਓ ਸੁ ਦੇਹ ਚੰਡਕਾ ਸੋਇ ॥ ੨੩੩ ॥
ਜੋ ਯਹ ਕਥਾ ਪੜੈ ਸੁਨੈ, ਰਿੱਧ ਸਿੱਧ ਗ੍ਰਿਹ ਤਾਸ ॥ ੧ ॥ ੬੫ ॥
ਪੜੈ ਯਾਹਿ ਬਿੱਦਜਾਰਥੀ ਬਿੱਦ੍ਯ ਹੇਤੰ ॥
ਲਹੈ ਸਰਬ ਸਾਸਤ੍ਰਾਨ ਕੇ ਮੱਧ ਚੇਤੰ ॥
ਜਪੈ ਜੋਗ ਸੰਨਜਾਸ ਬੈਰਾਗ ਕੋਈ ॥
ਤਿਸੈ ਸਰਬ ਪੁੰਨਜਾਨ ਪੁੰਨਿ ਹੋਈ ॥ ੫ ॥ ੨੬੧ ॥
ਦੁਰਗਾ ਪਾਠ ਬਣਾਇਆ ਸਭੇ ਪਉੜੀਆਂ ॥
ਫੇਰ ਨ ਜੂਨੀ ਆਇਆ ਜਿਨ ਇਹ ਗਾਇਆ ॥ ੫੫ ॥
ਅੜਿਲ ॥ਸੁਨੈ ਗੁੰਗ ਜੋ ਯਾਹਿ ਸੁ ਪਾਵਈ ॥
ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ ॥
ਦੂਖ ਦਰਦ ਭੈ ਨਿਕਟ ਨ ਤਿਨ ਨਰ ਕੇ ਰਹੈ ॥
ਹੋ ਜੋ ਯਾਕੀ ਏਕ ਬਾਰ ਚੌਪਈ ਕੇ ਕਹੈ ॥ ੨੯ ॥

ਅਤੇ
ਜੋ ਇਹ ਕਥਾ ਸੁਨੈ ਅਰੁ ਗਾਵੈ ॥
ਦੂਖ ਪਾਪ ਤਿਹ ਨਿਕਟ ਨ ਆਵੈ ॥

ਆਦਿ, ਪਾਠ ਕਰਦਿਆਂ ਅਨੇਕਾਂ ਹੀ ਪ੍ਰਮਾਣ ਮਿਲਦੇ ਹਨ।

www.NihangSingh.org

www.NihangSingh.org

ਜੋ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਹੋਰ ਨਿਹੰਗ ਸਿੰਘਾਂ ਦੇ ਦਲਾਂ ਵਿਚ ਕੀਤੇ ਜਾਂਦੇ ਹਨ, ਉਥੇ ਆਮ ਕਰਕੇ ਮਰਯਾਦਾ ਤਾਂ ਇਸੇ ਪ੍ਰਕਾਰ ਹੀ ਹੋਵੇਗੀ ਪਰ ਕੁਝ ਕੁ ਭੇਦ ਅਤੇ ਵਿਸ਼ੇਸ਼ਤਾ ਇਹ ਹੈ ਕਿ ਚੱਲਦੇ ਪਾਠ ਵਿਚ ਨਾਰੀਅਲ ਅਤੇ ਗੰਨਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਸ੍ਰੀ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਬਹੁਤ ਖੁਲ੍ਹੀਆਂ ਵਰਤਦੀਆਂ ਹਨ ਅਤੇ ਨਾਲ ਨਾਲ ਸੁਖ ਨਿਧਾਨ ਦੀਆਂ ਸ਼ਹੀਦੀ ਦੇਗਾਂ ਵੀ ਬਹੁਤ ਖੁਲ੍ਹੀਆਂ ਬਣਦੀਆਂ ਹਨ। ਭੋਗ 'ਤੇ ਚਟੰਗਿਆਂ ਨੂੰ ਤਿਲਕ ਲਗਾਇਆ ਜਾਂਦਾ ਹੈ ਭਾਵ ਕਿ ਬੱਕਰੇ ਝਟਕਾਏ ਜਾਂਦੇ ਹਨ। ਇਹ ਮਰਯਾਦਾ ਬਹੁਤ ਕਠਨ ਹੈ। ਸੂਰਬੀਰਤਾ ਦਾ ਮਹਾਨ ਪ੍ਰਬੰਧ ਹੁੰਦਾ ਹੈ।

ਕਥਾ ਕੀਰਤਨ ਦਾ ਬਹੁਤ ਪ੍ਰਵਾਹ ਚਲਦਾ ਹੈ ਅਤੇ ਗੁਰੂ ਕਾ ਲੰਗਰ ਤਾਂ ਅਤੁੱਟ ਵਰਤਦਾ ਹੈ। ਬਾਕੀ ਹੋਰ ਜਿਆਦਾ ਜਾਣਕਾਰੀ ਬਾਰੇ ਮਰਯਾਦਾ ਵਾਲੇ ਗੁਰਮੁਖ ਪਿਆਰੇ ਨਿਹੰਗ ਸਿੰਘਾਂ ਪਾਸੋਂ ਵੀ ਪੁੱਛ ਲੈਣਾ ਚਾਹੀਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫਤਹਿ ॥



www.NihangSingh.org

www.NihangSingh.org

ਅਖੰਡ ਪਾਠ ਦੀ ਜਰੂਰੀ ਸਮੱਗਰੀ

ਜਪੁਜੀ ਸਾਹਿਬ :- ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਨਾਲ ਸ੍ਰੀ ਜਪੁਜੀ ਸਾਹਿਬ ਪ੍ਰਕਾਸ਼ ਕੀਤਾ ਜਾਂਦਾ ਹੈ। ਇਸ ਦਾ ਇਹ ਭਾਵ ਹੈ ਕਿ ਜਦ ਪਾਠੀ ਸਿੰਘ ਰੌਲ ਲਾ ਰਿਹਾ ਹੁੰਦਾ ਹੈ ਤਾਂ ਉਸ ਸਮੇਂ ਪਾਠੀ ਸਿੰਘ ਤੋਂ ਜੇ ਕੋਈ ਅੱਖਰ ਲਗ-ਮਾਤਰ ਵੱਧ ਘੱਟ ਹੋ ਜਾਂਦੀ ਹੈ। ਜਾਂ ਸ੍ਵਾਸ ਆਦਿਕ ਲੈਣ ਨਾਲ ਪਾਠ ਰੁਕ ਜਾਂਦਾ ਹੈ। ਤਾਂ ਜੋ ਸ੍ਰੀ ਜਪੁਜੀ ਸਾਹਿਬ ਵਾਲਾ ਪਾਠੀ ਪਾਠ ਕਰ ਰਿਹਾ ਹੈ, ਉਸ ਕਰਕੇ ਰਹਿ ਗਏ ਜਾਂ ਵੱਧ ਘੱਟ ਪੜੇ ਗਏ ਅੱਖਰਾਂ ਦੀ ਸੰਪੂਰਨਤਾ ਹੋ ਜਾਂਦੀ ਹੈ। ਇਸ ਕਰਕੇ ਸਾਰਾ ਅਖੰਡ ਪਾਠ ਸ੍ਰੀ ਜਪੁਜੀ ਸਾਹਿਬ ਸਮੇਤ ਸ਼ੁੱਧ ਤੇ ਅਖੰਡ ਪਾਠ ਸੰਪੂਰਨ ਹੋ ਜਾਂਦਾ ਹੈ। ਖੰਡਨ ਨਹੀਂ ਹੁੰਦਾ। ਬੇਅੰਤ ਫਲ ਦੀ ਪ੍ਰਾਪਤੀ ਹੁੰਦੀ ਹੈ।

ਜੋਤ :- ਸ੍ਰੀ ਅਖੰਡ ਪਾਠ ਸਮੇਂ ਗੁਪਤ ਜੋਤ ਰੱਖਣੀ ਅਤੇ ਪਾਵਨ ਹਜੂਰੀ ਵਿਚ ਦੇਸੀ ਘਿਓ ਦੀਆਂ ਜੋਤਾਂ ਜਗਾ ਕੇ ਰੱਖਣ ਦਾ ਭਾਵ ਹੈ ਕਿ ਕਿਸੇ ਕਾਰਨ ਬਿਜਲੀ ਆਦਿ ਬੰਦ ਹੋ ਜਾਵੇ ਤਾਂ ਪਾਠੀ ਸਿੰਘਾਂ ਨੂੰ ਜੋਤਾਂ ਦਾ ਚਾਨਣ ਹੁੰਦਾ ਹੈ ਅਤੇ ਅੱਖਾਂ ਨੂੰ ਲਾਈਟ ਮਾਰ ਨਹੀਂ ਕਰਦੀ। ਸੁਗੰਧੀ ਵਾਤਾਵਰਨ ਨੂੰ ਸੁਹਾਵਣਾ ਤੇ ਖੁਸ਼ਬੂਦਾਰ ਕਰਦੀ ਹੈ ਅਤੇ ਸੱਚਖੰਡ ਵਿਖੇ ਪ੍ਰਵਾਨ ਹੁੰਦੀ ਹੈ। ਇਹ ਆਦੀ ਮਰਯਾਦਾ ਹੈ। ਸਾਨੂੰ ਛੱਡਣੀ ਨਹੀਂ ਚਾਹੀਦੀ ਹੈ।

ਗੁਪਤ ਜੋਤ ਜੋ ਸਿੱਧੀ ਤੇ ਇਕ ਰਸ ਚਲ ਰਹੀ ਹੁੰਦੀ ਹੈ। ਇਸ ਦਾ ਇਸ਼ਾਰਾ ਇਹ ਹੈ ਕਿ ਇਸ ਤਰ੍ਹਾਂ ਵਾਹਿਗੁਰੂ ਨਾਲ ਲਿਵ ਲਾਉਣੀ ਚਾਹੀਦੀ ਹੈ। ਸ੍ਰੀ ਅਖੰਡ ਪਾਠ ਸਮੇਂ ਜੋ ਸੇਵਾਦਾਰ ਹੁੰਦੇ ਹਨ, ਉਹ ਜੋਤ ਦੀ ਦੇਖਭਾਲ ਕਾਰਨ ਸਾਵਧਾਨ ਰਹਿੰਦੇ ਹਨ। ਇਸ ਕਰਕੇ ਜੋਤਾਂ ਜਰੂਰੀ ਹਨ।

ਅੱਜ ਵੀ ਸ੍ਰੀ ਅੰਮ੍ਰਿਤਸਰ ਸੱਚਖੰਡ ਸ੍ਰੀ ਹਰਮੰਦਰ ਸਾਹਿਬ ਜੀ ਵਿਖੇ, ਸ੍ਰੀ ਅਕਾਲ ਤਖਤ ਸਾਹਿਬ ਵਿਖੇ, ਬੁੰਗਾ ਬਾਬਾ ਗੁਰਬਖਸ਼ ਸਿੰਘ ਸ਼ਹੀਦ, ਗੁਰਦੁਆਰਾ ਭੋਰਾ ਸਾਹਿਬ, ਗੁ: ਬਿਬੇਕਸਰ, ਗੁ: ਬਾਬਾ ਦੀਪ ਸਿੰਘ ਜੀ ਸ਼ਹੀਦ, ਗੁ: ਬਾਬਾ ਬੋਤਾ ਸਿੰਘ ਬਾਬਾ ਗਰਜਾ ਸਿੰਘ ਜੀ, ਗੁ: ਸ੍ਰੀ ਰਾਮਸਰ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ, ਗੁ: ਸ੍ਰੀ ਫਤਹਿਗੜ੍ਹ ਸਾਹਿਬ ਸਰਹਿੰਦ, ਤਖਤ ਸ੍ਰੀ ਪਟਨਾ

www.NihangSingh.org

www.NihangSingh.org

ਸਾਹਿਬ, ਤਖਤ ਸ੍ਰੀ ਹਜੂਰ ਸਾਹਿਬ ਆਦਿ ਪਾਵਨ ਅਸਥਾਨਾਂ ਤੇ ਦੇਸੀ ਘਿਓ ਦੀ ਜੋਤ ਜਗਦੀ ਰਹਿੰਦੀ ਹੈ। ਸਿੱਖ ਸੰਗਤਾਂ ਸ਼ਰਧਾ ਭਾਵਨਾ ਨਾਲ ਜੋਤ ਵਿਚ ਘਿਓ ਪਾਉਂਦੀਆਂ ਹਨ।

ਪੰਥ ਦੀਆਂ ਉਘੀਆਂ ਸੰਸਥਾਵਾਂ ਜਿਵੇਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਤਰਨਾ ਦਲ (ਨਿਹੰਗ ਸਿੰਘਾਂ ਦੇ ਸਾਰੇ ਦਲਾਂ ਵਿਚ), ਦਮਦਮੀ ਟਕਸਾਲ (ਸੰਪ੍ਰਦਾਇ ਭਿੰਡਰਾਂ) ਅਤੇ ਹੋਰ ਸੰਸਥਾਵਾਂ ਜਿਵੇਂ ਨਿਰਮਲੇ, ਨਾਮਧਾਰੀ ਆਦਿ ਸੰਪ੍ਰਦਾਵਾਂ ਵਿਚ ਵੀ ਇਸ ਪੁਰਾਤਨ ਮਰਯਾਦਾ ਦੇ ਦਰਸ਼ਨ ਕੀਤੇ ਜਾ ਸਕਦੇ ਹਨ।

ਕੁੰਭ :- ਇਹ ਜੋ ਕੁੰਭ (ਪਾਣੀ ਦਾ ਘੜਾ) ਹੈ, ਅਖੰਡ ਪਾਠ ਵਾਲੇ ਕਮਰੇ ਵਿਚ ਰੱਖਣਾ ਚਾਹੀਦਾ ਹੈ। ਘੜੇ ਹੇਠ ਰੇਤਾ ਜਰੂਰ ਪਾਉਣਾ ਚਾਹੀਦਾ ਹੈ। ਤਾਂ ਕੇ ਘੜਾ ਸਿਮ-ਸਿਮ ਕੇ ਪਾਣੀ ਰੇਤੇ ਵਿਚ ਹੀ ਰਹਿ ਜਾਵੇ। ਘੜੇ ਉੱਪਰ ਕੱਪੜਾ ਦੇਣਾ ਚਾਹੀਦਾ ਹੈ। ਉਸ ਉੱਪਰ ਕੇਸਰੀ ਜਾਂ ਨੀਲੇ ਰੰਗ ਦੇ ਸੁੱਚੇ ਕੱਪੜੇ ਵਿਚ ਲਪੇਟ ਕੇ ਨਾਰੀਅਲ ਰੱਖਣਾ।

ਸਾਰੇ ਅਖੰਡ ਪਾਠ ਦੀ ਬਾਣੀ ਦਾ ਅਸਰ ਪੈ ਜਾਣ ਕਰਕੇ ਇਹ ਕੁੰਭ ਦਾ ਜਲ ਮਹਾਂ ਪਵਿੱਤਰ ਹੋ ਜਾਂਦਾ ਹੈ ਕਿਉਂਕਿ ਇਹ ਹਰ ਵਕਤ ਹਜੂਰੀ ਵਿਚ ਰਹਿੰਦਾ ਹੈ। ਹੋਰ ਕੋਈ ਇਤਨਾ ਚਿਰ ਪਾਠ ਸੁਣ ਨਹੀਂ ਸਕਦਾ। ਇਸ ਅੰਮ੍ਰਿਤ ਜਲ ਨੂੰ ਛਕਣ ਕਰਕੇ ਸਾਡੇ ਕਈ ਰੋਗ ਦੂਰ ਹੋ ਜਾਂਦੇ ਹਨ ਅਤੇ ਕਾਰਜ ਸਫਲ ਹੋ ਜਾਂਦੇ ਹਨ।

ਨੋਟ :- ਪਾਠ ਸਮੇਂ ਕਮਰੇ ਵਿਚ ਕੋਈ ਲੋੜ ਪੈ ਜਾਵੇ ਤਾਂ ਇਸ ਪਾਣੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਕਿਉਂਕਿ ਇਤਨੀ ਛੇਤੀ ਬਾਹਰੋਂ ਤਾਂ ਪਾਣੀ ਆ ਨਹੀਂ ਸਕਦਾ। ਇਸ ਕਰਕੇ ਇਹ ਪਾਣੀ ਵਰਤ ਸਕਦੇ ਹਾਂ।

ਨਾਰੀਅਲ :- ਹੁਣ ਸੁਣੋ ਨਾਰੀਅਲ ਬਾਰੇ ਕਿ ਜੈਸਾ ਅਸੀਂ ਸਤਿਗੁਰਾਂ ਨੂੰ ਸੀਸ ਭੇਟ ਕਰਦੇ ਹਾਂ ਅਤੇ ਨਮਸਕਾਰ ਕਰਦੇ ਹਾਂ। ਇਸੇ ਤਰ੍ਹਾਂ ਨਾਰੀਅਲ ਸੀਸ ਭੇਟ ਕਰਨ ਦੀ ਨਿਆਈਂ ਹੈ। ਇਹ ਮਰਯਾਦਾ ਗੁਰੂ ਨਾਨਕ ਸਾਹਿਬ ਜੀ ਨੇ ਚਲਾਈ ਹੈ। ਅਖੰਡ ਪਾਠ ਦੇ ਭੋਗ ਤੋਂ ਬਾਅਦ ਪਾਵਨ ਗਿਰੀ ਨੂੰ ਸੰਗਤ ਵਿਚ ਵਰਤਾ ਦੇਣਾ ਚਾਹੀਦਾ ਹੈ।

www.NihangSingh.org

www.NihangSingh.org

ਧੂਪ :- ਸ੍ਰੀ ਅਖੰਡ ਪਾਠ ਸਮੇਂ ਅੰਮ੍ਰਿਤਮਈ ਬਾਣੀ ਸੁਣਨ ਵਾਸਤੇ ਸ਼ਹੀਦ ਸਿੰਘ ਅਤੇ ਦੇਵਤੇ ਆਦਿ ਪਵਿੱਤਰ ਰੂਹਾਂ ਵੀ ਆਂਉਦੀਆਂ ਹਨ। ਇਸ ਲਈ ਮਹਾਂਪੁਰਸ਼ਾਂ ਨੇ ਪਹਿਲਾਂ ਤੋਂ ਹੀ ਧੂਪ ਧੁਖਉਣ ਨੂੰ ਜਰੂਰੀ ਉਚਿਤ ਸਮਝਿਆ ਹੈ।

ਮਕਾਨ ਵਿਚ ਦੁਰਗੰਧੀ ਵਾਲੀ ਹਵਾ ਦਾ ਖਾਤਮਾ ਕਰਨ ਲਈ ਅਤੇ ਖੁਸ਼ਬੂ ਫੈਲਾਉਣ ਲਈ ਧੂਪ ਸਮੱਗਰੀ ਜਰੂਰੀ ਚਾਹੀਦੀ ਹੈ।

ਸਾਧ ਸੰਗਤ ਜੀ, ਵੱਡੇ ਸਮਾਗਮ ਸਮੇਂ ਬਾਹਰ ਪੰਡਾਲ ਵਿਚ ਜਦੋਂ ਵੀ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਹੋਣ ਤਾਂ ਗੁਰੂ ਸਾਹਿਬ ਦੇ ਹਜੂਰ ਦੀਵਾਨ ਵਿਚ ਵੀ ਧੂਪ ਹੋਣੀ ਜਰੂਰੀ ਹੈ।



www.NihangSingh.org

www.NihangSingh.org

ਧੂਪ ਸਮੱਗਰੀ ਦੀ ਤਿਆਰੀ

ਰਗੜੀ ਹੋਈ ਧੂਪ (ਹਵਨ ਸਮੱਗਰੀ) 250 ਗ੍ਰਾਮ, ਦੇਸੀ ਜੌਵਾਂ ਦਾ ਆਟਾ 100 ਗਰਾਮ, ਬਾਲ ਛੱਟ ਇਕ ਛਟਾਂਕ, ਚਿੱਟੇ ਅਤੇ ਕਾਲੇ ਤਿਲ 1-1 ਛਟਾਂਕ, ਦੇਸੀ ਖੰਡ 100 ਗਰਾਮ, ਖੋਪਾ, ਬਦਾਮ ਗਿਰੀ, ਛੁਹਾਰੇ, ਦਾਖਾਂ 50-50 ਗਰਾਮ, ਵੱਡੀ-ਛੋਟੀ ਇਲੈਚੀ 1-1 ਤੋਲਾ, ਕਸਤੂਰੀ 2 ਰੱਤੀਆਂ, ਕੇਸਰ 2 ਰੱਤੀਆਂ, ਮੁਸ਼ਕਪੂਰ, ਚੰਦਨ, ਦਾਲ ਚੀਨੀ ਆਦਿ ਸਾਰੀਆਂ ਚੀਜਾਂ ਨੂੰ ਬਰੀਕ ਕਰ ਕੇ (ਰਗੜ ਕੇ) 250 ਗ੍ਰਾਮ ਦੇਸੀ ਘਿਓ ਮਿਲਾ ਦਿਓ। ਇਸ ਪ੍ਰਕਾਰ ਧੂਪ ਸਮੱਗਰੀ ਤਿਆਰ ਹੋ ਜਾਵੇਗੀ।

ਧੂਪ ਵਰਤਣ ਦਾ ਢੰਗ

ਇਕ ਬੱਠਲੀ ਲੈ ਲਵੋ। ਉਸ ਵਿਚ ਥੋੜ੍ਹੀ ਜਿਹੀ ਠੰਢੀ ਸੁਆਹ ਪਾਓ (ਸੁਆਹ ਪਾਉਣ ਨਾਲ ਬੱਠਲੀ ਗਰਮ ਨਹੀਂ ਹੋਵੇਗੀ)। ਫਿਰ ਲੱਕੜ ਦੇ ਦਗਦੇ ਕੋਲੇ ਬੱਠਲੀ ਵਿਚ ਸੁਆਹ ਉੱਪਰ ਰੱਖ ਲਵੋ। ਕੋਲਿਆਂ ਉੱਪਰ ਚੁੱਟਕੀ ਨਾਲ ਸਵਾਈ-ਸਵਾਈ (ਥੋੜ੍ਹੀ-ਥੋੜ੍ਹੀ) ਧੂਪ ਪਾਉਣੀ, ਬਹੁਤੀ ਨਹੀਂ ਪਾਉਣੀ ਜਿਸ ਨਾਲ ਧੂੰਆਂ ਜਿਆਦਾ ਹੋ ਜਾਵੇ। ਧੂਪ ਵਾਲੇ ਸਿੰਘ (ਸੇਵਾਦਾਰ) ਸਿਆਣੇ ਸਮਝਦਾਰ ਹੋਣੇ ਚਾਹੀਦੇ ਹਨ। ਜੋ ਧੂਪ ਦੀ ਸੇਵਾ ਦੇ ਨਾਲ ਨਾਲ ਸਾਵਧਾਨ ਹੋ ਕੇ ਹੋਰ ਪਹਿਰਾ ਦਿੰਦੇ ਰਹਿਣ। ਲਾਈਟ ਅਤੇ ਜੋਤਾਂ ਦਾ ਵੀ ਧਿਆਨ ਰੱਖਣ। ਲੋੜ ਪੈਣ 'ਤੇ ਟਾਈਮ ਦੇਖ ਕੇ ਰੱਲ ਲਾਉਣ ਵਾਲੇ ਗ੍ਰੰਥੀ ਸਿੰਘਾਂ ਨੂੰ ਵੀ ਸਾਵਧਾਨ ਕਰ ਦੇਣ।

www.NihangSingh.org

www.NihangSingh.org

ਤਖ਼ਤ ਸਾਹਿਬ, ਵਿਛਾਈ ਤੇ ਹੋਰ ਸੇਵਾ

ਜਦ ਘਰ ਵਿਚ ਸ੍ਰੀ ਸਹਿਜ ਪਾਠ ਕਰਨਾ ਹੁੰਦਾ ਹੈ ਤਾਂ ਵਿਛਾਈ ਦਾ ਧਿਆਨ ਰੱਖਣਾ ਬਹੁਤ ਜਰੂਰੀ ਹੈ। ਜਿਵੇਂ ਕਿ ਗੁਰੂ ਸਾਹਿਬ ਦੇ ਵਾਸਤੇ 6 ਫੁੱਟ ਲੰਬਾ, 4 ਫੁੱਟ ਚੌੜਾ ਅਤੇ ਡੇਢ ਫੁੱਟ ਉੱਚਾ ਤਖਤ ਪੋਸ਼ ਹੋਵੇ। ਮੰਜੀ ਸਾਹਿਬ ਸਾਢੇ ਤਿੰਨ ਫੁੱਟ ਲੰਬਾ, 2 ਫੁੱਟ ਚੌੜਾ, ਅਤੇ 1 ਫੁੱਟ ਉੱਚਾ ਹੋਵੇ। ਦੋ ਵੱਡੇ ਸਿਰਹਾਣੇ 17 ਇੰਚ ਹੋਣ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਦੇ ਬਰਾਬਰ ਹੋਣ), ਇਕ ਛੋਟਾ ਸਿਰਹਾਣਾ 9 ਇੰਚ ਲੰਬਾ ਅਤੇ 7 ਇੰਚ ਚੌੜਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਸਤੇ ਡੇਢ ਮੀਟਰ ਵਰਗ ਰੁਮਾਲਾ ਅਤੇ 27 ਇੰਚ ਚੌੜੀਆਂ ਦੋ ਪਲਕਾਂ ਹੋਣੀਆਂ ਚਾਹੀਦੀਆਂ ਹਨ।

ਮੌਸਮ ਮੁਤਾਬਿਕ ਵਿਛਾਈ ਬਦਲ ਦੇਣੀ ਚਾਹੀਦੀ ਹੈ। ਗਰਮੀਆਂ ਵਿਚ ਠੰਡੇ ਅਤੇ ਸਰਦੀਆਂ ਵਿਚ ਗਰਮ ਰੁਮਾਲੇ ਹੋਣੇ ਚਾਹੀਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ "ਪ੍ਰਗਟ ਗੁਰਾਂ ਕੀ ਦੇਹ" ਹਨ। ਜਿਸ ਸ਼ਰਧਾ ਭਾਵਨਾ ਨਾਲ ਅਸੀਂ ਸੇਵਾ ਕਰਾਂਗੇ, ਉਹੋ ਜਿਹਾ ਹੀ ਸੁਖ ਫਲ ਪ੍ਰਾਪਤ ਹੋਵੇਗਾ। ਸ੍ਰੀ ਮੁਖਵਾਕ ਹੈ :–

ਜੇਹਾ ਸਤਿਗੁਰ ਕਰਿ ਜਾਣਿਆ ਤੇਹੋ ਜਿਹਾ ਸੁਖੁ ਹੋਇ ॥

ਸੇਵਾ ਕਰਕੇ ਵੀ ਸਾਨੂੰ ਮਾਣ ਹੰਕਾਰ ਨਹੀਂ ਹੋਣਾ ਚਾਹੀਦਾ ਕਿ ਅਸੀਂ ਗੁਰੂ ਸਾਹਿਬ ਜੀ ਦੀ ਇਤਨੀ ਸੇਵਾ ਸੰਭਾਲ ਕਰਦੇ ਹਾਂ ਅਤੇ ਫਲਾਣੇ ਨਹੀਂ ਕਰਦੇ। ਬਹੁਤ ਹੀ ਚੰਗਾ ਹੋਵੇ ਜੇ ਅਸੀਂ ਕਾਮਨਾ ਰਹਿਤ ਸੇਵਾ ਕਰੀਏ। ਮਹਾਂਵਾਕ ਹੈ :–

ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪ੍ਰਾਪਤਿ ਸੁਆਮੀ ॥

ਸਾਧ ਸੰਗਤ ਜੀ, ਇਹ ਤਾਂ ਗੁਰੂ ਸਾਹਿਬ ਜਿਸ ਪ੍ਰਾਣੀ 'ਤੇ ਆਪਣੀ ਮਿਹਰ, ਕ੍ਰਿਪਾ ਦ੍ਰਿਸ਼ਟੀ ਕਰਦੇ ਹਨ, ਉਹੀ ਗੁਰਮੁਖ ਪਿਆਰੇ ਇਸ "ਗੁਰਮੁਖ ਗਾਡੀ ਰਾਹ" ਦੇ ਪਾਂਧੀ ਬਣਦੇ ਹਨ। ਜੈਸਾ ਕਿ ਫੁਰਮਾਣ ਹੈ :–

ਜੈਸੀ ਮਤ ਦੇਇ ਤੈਸਾ ਪ੍ਰਗਾਸ ॥

ਗੁਰੂ ਸਾਹਿਬ ਜੀ ਦੀ ਸੇਵਾ ਤਾਂ ਜਿੰਨੀ ਵੀ ਸ਼ਰਧਾ-ਭਾਵਨਾ, ਨਿਮਰਤਾ ਅਤੇ ਮਨ ਚਿੱਤ ਲਾਕੇ ਹੋ ਜਾਵੇ, ਸਫਲ ਹੀ ਸਫਲ ਹੈ।

www.NihangSingh.org

www.NihangSingh.org

ਮਹਾਂਵਾਕ ਹੈ :-

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤ ਲਾਇ ॥

ਨੋਟ :- ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਵਾਰ ਸਹਿਜ ਜਾਂ ਸ੍ਰੀ ਅਖੰਡ ਪਾਠ ਕੀਤਾ ਜਾਵੇ ਉਸ ਪਾਵਨ ਸਰੂਪ ਤੇ ਲਗਾਤਾਰ ਦੂਸਰਾ ਪਾਠ ਨਹੀ ਕਰਨਾ । ਸਰੂਪ ਬਦਲ ਲੈਣਾ ਚਾਹੀਦਾ ਹੈ ।

ਕੇਲਿਆਂ ਤੇ ਝੰਡੀਆਂ ਬਾਰੇ:-

ਪੁਰਾਤਨ ਸਮੇਂ ਤੋਂ ਹੀ ਸਿੱਖ ਸੰਗਤਾਂ ਵਿਚ ਇਹ ਰਿਵਾਜ ਹੈ ਕਿ ਸ੍ਰੀ ਅਖੰਡ ਪਾਠ ਪ੍ਰਕਾਸ਼ ਕਰਨ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਘਰ ਆਉਣ ਤੋਂ ਪਹਿਲਾਂ ਘਰ ਦੇ ਦਰਵਾਜੇ ਦੇ ਦੋਹੀਂ ਪਾਸੀਂ ਕੇਲਿਆਂ ਦੇ ਬੂਟੇ ਰੱਖੇ ਜਾਂਦੇ ਹਨ । ਮਕਾਨ ਦੇ ਅੰਦਰ ਤੇ ਬਾਹਰ ਵਿਹੜੇ ਵਿਚ ਰੰਗਦਾਰ ਝੰਡੀਆਂ ਲਾਈਆਂ ਜਾਂਦੀਆਂ ਹਨ ।

ਇਹ ਸਭ ਕੁਝ ਗੁਰੂ ਸਾਹਿਬ ਜੀ ਦੇ ਗ੍ਰਹਿ ਪ੍ਰਵੇਸ਼ ਹੋਣ ਦੀ ਖੁਸ਼ੀ ਵਿਚ ਕੀਤਾ ਜਾਂਦਾ ਹੈ । ਇਹ ਗੁਰੂ ਮਹਾਰਾਜ ਜੀ ਦਾ ਅਦਬ ਸਤਿਕਾਰ ਪ੍ਰਗਟ ਕਰਦੇ ਹਨ । ਦੂਰ-ਦੂਰ ਤੱਕ ਦੇਖਣ ਵਾਲੇ (ਰਾਹੀ ਪਾਂਧੀ) ਸਮਝ ਜਾਂਦੇ ਹਨ ਕਿ ਇਸ ਜਗ੍ਹਾ ਮਹਾਨ ਪਾਠ ਪੂਜਾ ਜਾਂ ਜੱਗ ਹੋ ਰਿਹਾ । ਇਹ ਦੇਖ ਕੇ ਕਈ ਗੁਰਮੁਖ ਗੁਰਬਾਣੀ ਸੁਣਨ ਆ ਜਾਂਦੇ ਹਨ ਅਤੇ ਕਈ ਲੋੜ ਮੁਤਾਬਿਕ ਗੁਰੂ ਕਾ ਲੰਗਰ ਛਕਣ ਵੀ ਆ ਜਾਂਦੇ ਹਨ ।

ਅੱਜ-ਕਲ੍ਹ ਦੇ ਕਈ ਗਰੈਜੂਏਟ ਸਿੱਖ ਇਸ ਨੂੰ (ਕੇਲਿਆਂ ਆਦਿ ਨੂੰ) ਬ੍ਰਾਹਮਣਵਾਦ ਕਹਿੰਦੇ ਹਨ । ਇਹ ਕਿਹੜਾ ਬ੍ਰਾਹਮਣਵਾਦ ਜਾਂ ਮਾੜੀ ਗੱਲ ਹੋਈ ? ਨਹੀਂ ਖਾਲਸਾ ਜੀ, ਨਾ ਇਹ ਬ੍ਰਾਹਮਣਵਾਦ ਹੈ, ਨਾ ਮਾੜੀ ਗੱਲ ਹੈ । ਇਹ ਤਾਂ ਪਹਿਲਾਂ ਤੋਂ ਹੀ ਸਾਰੇ ਸੰਤ ਮਹਾਤਮਾ ਮਹਾਂਪੁਰਸ਼ ਸਿੱਖ ਸੰਪ੍ਰਦਾਵਾਂ ਦੀ ਚਲਾਈ ਹੋਈ ਖੁਸ਼ੀ ਪ੍ਰਗਟਾਉਂਦੀ ਖੁੱਲ੍ਹੀ ਮਰਯਾਦਾ ਹੈ ।

ਅੱਜ-ਕਲ੍ਹ ਵੀ ਪਿੰਡਾਂ ਸ਼ਹਿਰਾਂ ਵਿਚ ਗੁਰਪੁਰਬਾਂ ਦੇ ਪਵਿੱਤਰ ਦਿਵਸਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ, ਸਜ-ਧਜ ਦੀ ਸਵਾਰੀ ਜਲੂਸ ਆਉਣ ਤੋਂ ਪਹਿਲਾਂ ਸਤਿਗੁਰਾਂ ਦੇ ਸਤਿਕਾਰ ਵਾਸਤੇ ਗੁਰੂ ਸੰਗਤਾਂ ਵੱਲੋਂ ਕੱਪੜੇ ਦੇ ਬੋਰਡਾਂ, ਬਿਜਲੀ ਦੀਆਂ ਲੜੀਆਂ,

www.NihangSingh.org

www.NihangSingh.org

ਫੁਲਕਾਰੀਆਂ, ਰੰਗ-ਬਰੰਗੀਆਂ ਝੰਡੀਆਂ ਅਤੇ ਹੋਰ ਵੱਧ ਤੋਂ ਵੱਧ ਸ਼ੌਅ ਦੇ ਸਮਾਨ ਦੁਆਰਾ ਉਤਸ਼ਾਹ ਨਾਲ ਗੇਟਾਂ ਨੂੰ ਸ਼ਿੰਗਾਰਿਆ ਜਾਂਦਾ ਹੈ।

ਗੁਰਮੁਖ ਪਿਆਰਿਓ, ਗੱਲ ਤਾਂ ਸਾਡੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਦੀ ਹੈ। ਸਮੇਂ-ਸਮੇਂ ਅਨੁਸਾਰ ਜਿਸ ਤਰ੍ਹਾਂ ਦਾ ਵੀ ਪ੍ਰਬੰਧ ਹੋਵੇ, ਉਸੇ ਤਰ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ। ਹੋਰ ਬ੍ਰਾਹਮਣਵਾਦ ਦੀਆਂ ਗੱਲਾਂ ਦਾ ਵਹਿਮ-ਭਰਮ ਪਾਕੇ ਕਿਸੇ ਸਿੱਖ ਦੀ ਸ਼ਰਧਾ ਤੇ ਸੱਟ ਮਾਰਨੀ ਬਹੁਤ ਵੱਡੀ ਭੁੱਲ ਅਤੇ ਪਾਪ ਹੈ।

ਜੋ ਉਪਰੋਕਤ ਸੰਖੇਪ ਤੇ ਪੁਰਾਤਨ ਮਰਯਾਦਾ ਬਾਰੇ ਦੱਸਿਆ ਹੈ, ਉਹ ਬ੍ਰਹਮਣਵਾਦ ਨਹੀਂ ਹੈ। ਹੁਣ ਬ੍ਰਾਹਮਣਵਾਦ ਬਾਰੇ ਵੀ ਕੁਝ ਕੁ ਨਮੂਨੇ ਦੱਸਦੇ ਹਾਂ, ਜੋ ਸਿੱਖਾਂ ਦੇ ਘਰਾਂ ਵਿਚ ਹੁੰਦੇ ਹਨ। ਸਾਨੂੰ ਅਜਿਹੀਆਂ ਰੀਤੀਆਂ ਗੁਰਮਤਿ ਤੋਂ ਕੋਹਾਂ ਦੂਰ ਲੈ ਜਾਂਦੀਆਂ ਹਨ। ਗੁਰੂ ਜੀ ਕ੍ਰਿਪਾ ਕਰਨ, ਅਜਿਹੀ "ਬਿਪਰਨ ਕੀ ਰੀਤ" ਤੋਂ ਬਚਾ ਕੇ ਰੱਖਣ। ਲਓ ਇਹ ਹੈ ਗੁਰ ਸੰਗਤਾਂ ਦੇ ਦਰਪੇਸ਼ ਬ੍ਰਾਹਮਣਵਾਦ ਦੀਆਂ ਕੁਝ ਕੁ ਝਲਕੀਆਂ।

ਬ੍ਰਾਹਮਣਵਾਦ :- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਸਮੇਂ ਸ੍ਰੀ ਜਪੁਜੀ ਸਾਹਿਬ ਅਤੇ ਸ੍ਰੀ ਅਨੰਦ ਸਾਹਿਬ ਦਾ ਪਾਠ ਕਰਨ ਦੀ ਮਰਯਾਦਾ ਤਾ ਜਰੂਰੀ ਹੀ ਹੈ। ਪਰ ਉਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਲੱਭ-ਲੱਭ ਕੇ ਸ਼ਬਦ ਪੜ੍ਹਨੇ। ਇਹ ਹੈ ਬ੍ਰਾਹਮਣਵਾਦ ਜਾਂ ਮਨਮੱਤ।

ਸੁਣਨ ਵਿਚ ਆਇਆ ਹੈ ਕਿ ਪਾਠ ਸਮੇਂ ਗੁਰੂ ਸਾਹਿਬ ਜੀ ਦੇ ਇਕ ਪਾਸੇ ਰਾਮਾਇਣ ਜਾਂ ਗੀਤਾ ਪ੍ਰਕਾਸ਼ ਕਰਕੇ ਵੀ ਪੜ੍ਹਦੇ ਹਨ। ਇਹ ਬ੍ਰਾਹਮਣਵਾਦ ਅਤੇ ਗੁਰਬਾਣੀ ਦੀ ਬੇਅਦਬੀ।

ਹੋਰ ਜੋ ਸਿੱਖਾਂ ਦੇ ਘਰਾਂ ਵਿਚ ਨਰਾਤੇ, ਵਰਤ ਅਤੇ ਸਰਾਧਾਂ ਆਦਿ ਦੀਆਂ ਰੀਤੀਆਂ ਕੀਤੀਆਂ ਜਾਂਦੀਆਂ ਹਨ। ਅਜਿਹੇ ਬ੍ਰਾਹਮਣ-ਵਾਦ ਦਾ ਸਿੱਖਾਂ ਨੂੰ ਖਾਸ ਖਿਆਲ ਰੱਖਣਾ ਚਾਹੀਦਾ ਹੈ।

ਗੁਰੂ ਪੰਥ ਵੱਲੋਂ ਹੋਲੀ ਨਹੀਂ, ਬਲਕਿ ਹੋਲਾ ਮਹੱਲਾ ਮਨਾਇਆ ਜਾਂਦਾ ਹੈ। ਸੋ ਕਈ ਸਿੱਖ ਸ੍ਰੀ ਅਨੰਦਪੁਰ ਸਾਹਿਬ ਹੋਲੇ ਮਹੱਲੇ ਸਮੇਂ ਦਰਸ਼ਨ ਕਰਨ ਤਾਂ ਜਰੂਰ ਜਾਂਦੇ ਹਨ। ਪਰ ਹੋਲੇ ਮਹੱਲੇ ਵਾਲੇ ਦਿਨ ਗੁਰੂ ਪੰਥ, ਗੁਰੂ ਕੀਆਂ ਲਾਡਲੀਆਂ ਫੌਜਾਂ (ਬੁੱਢਾ ਦਲ, ਤਰਨਾ

www.NihangSingh.org

www.NihangSingh.org

ਦਲ) ਨਿਹੰਗ ਸਿੰਘਾਂ ਵੱਲੋਂ ਜੋ ਘੋੜ-ਸਵਾਰੀ, ਨੇਜਾ-ਬਾਜੀ ਤੇ ਗੱਤਕੇ ਦੇ ਅਨੇਕਾਂ ਹੀ ਕਰਤੱਬ, ਸੂਰਬੀਰਤਾ ਜੋ ਦੇਖਣਯੋਗ ਹੈ। ਗੁਰੂ ਪੰਥ ਦੀ ਬੇਅੰਤ ਹੀ ਸ਼ਾਨੋ ਸ਼ੌਕਤ ਤਾਂ ਬੇਸ਼ੱਕ ਰਹਿ ਹੀ ਜਾਵੇ, ਪਰ ਨੈਣਾ ਦੇਵੀ ਦੇ ਦਰਸ਼ਨ ਕਰਨ ਕਈ ਜਰੂਰ ਜਾਂਦੇ ਹਨ।

ਹੋਰ ਜੋ ਗੁਰਧਾਮਾਂ (ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ, ਸ੍ਰੀ ਹਜ਼ੂਰ ਸਾਹਿਬ ਆਦਿ) ਤੋਂ ਬਿਨਾ ਮਨੀਕਰਨ ਜਾਂ ਕਪਾਲ ਮੋਚਨ ਆਦਿ ਯਾਤਰਾ ਕਰਨੀਆਂ ਵੀ ਖਾਲਸਾ ਪੰਥ, ਸਿੱਖਾਂ ਲਈ ਉਚਿਤ ਨਹੀਂ ਹਨ। (ਕਪਾਲ ਮੋਚਨ ਜਾਣ ਵਾਲੇ ਕਹਿਣਗੇ ਕਿ ਉਥੇ ਵੀ ਗੁਰਦੁਆਰਾ ਹੈ। ਪਰ ਉਹਨਾਂ ਲੋਕਾਂ ਦੀ ਸ਼ਰਧਾ ਜਿਆਦਾ ਹਿੰਦੂ ਤੀਰਥਾਂ 'ਤੇ ਹੀ ਹੁੰਦੀ ਹੈ।) ਇਹ ਹਿੰਦੂ ਰੀਤੀ ਜਾਂ ਬ੍ਰਾਹਮਣਵਾਦ ਨਹੀਂ ਕਰਨਾ ਚਾਹੀਦਾ।

ਦੀਵਾਲੀ ਦੇ ਸਮੇਂ ਵੀ ਸਿੱਖਾਂ ਦੇ ਘਰਾਂ ਵਿਚ ਗੁਰੂ ਪੂਜਾ ਨੂੰ ਛੱਡਕੇ ਲਕਛਮੀ ਪੂਜਾ ਕੀਤੀ ਜਾਂਦੀ ਹੈ। ਇਹ ਵੀ ਬ੍ਰਾਹਮਣਵਾਦ ਹੈ।

ਕਈ ਸਿੱਖ ਦੁਕਾਨਦਾਰ ਭਾਵੇਂ ਅੰਮ੍ਰਿਤਧਾਰੀ ਹੀ ਹੁੰਦੇ ਹਨ, ਪਰ ਗ੍ਰਾਹਕ ਵੱਲੋਂ ਮਿਲਿਆ ਪੰਜਾਂ ਜਾਂ ਦਸਾਂ ਦਾ ਨੋਟ ਮੱਥੇ ਨੂੰ ਲਾ ਕੇ ਫਿਰ ਜੇਬ ਜਾਂ ਗੱਲੇ ਵਿਚ ਪਾਉਂਦੇ ਹਨ। ਇਹ ਵੀ ਬ੍ਰਾਹਮਣ-ਵਾਦ ਹੈ।

ਹੋਰ ਲੜਕੀ ਲੜਕੇ ਦੇ ਵਿਆਹ ਸਮੇਂ ਸਿੱਠਣੀਆਂ ਦੇਣੀਆਂ। ਪੱਤਰੀ ਆਦਿ ਦੇਖ ਕੇ ਸਾਹਾ ਕਢਵਾਉਣਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਗੈਰ ਕਿਸੇ ਮੰਦਰ, ਮੜੀ, ਮਟੀ, ਨਗਾਹੇ ਆਦਿ ਤੇ ਲੜਕੇ ਲੜਕੀ ਦਾ ਮੱਥਾ ਟਕਾਉਣਾ, ਆਦਿ ਕੁਰੀਤੀਆਂ ਸਿੱਖਾਂ ਨੂੰ ਨਹੀਂ ਕਰਨੀਆਂ ਚਾਹੀਦੀਆਂ।

ਸੋ ਗੁਰਸਿੱਖੋ ਜੇ ਅਸੀਂ ਅਜਿਹੀਆਂ ਰੀਤੀਆਂ ਕਰਾਂਗੇ ਤਾਂ ਗੁਰੂ ਜੀ ਵੱਲੋਂ ਬੇ-ਪ੍ਰਤੀਤੇ ਹੋ ਜਾਵਾਂਗੇ। ਗੁਰੂ ਸਾਹਿਬ ਸਾਡੇ 'ਤੇ ਪ੍ਰਤੀਤ ਨਹੀਂ ਕਰਨਗੇ। ਕਲਗੀਧਰ ਪਾਤਸ਼ਾਹ ਦਾ ਫੁਰਮਾਣ ਹੈ :-

ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈਂ ਨ ਕਰੋਂ ਇਨ ਕੀ ਪ੍ਰਤੀਤ ॥

(ਸ੍ਰੀ ਸਰਬ ਲੋਹ ਗ੍ਰੰਥ)

ਸਾਨੂੰ ਗੁਰੂ ਸਾਹਿਬ ਜੀ ਵੱਲੋਂ ਬਖਸ਼ਿਸ਼ ਕੀਤੀ ਹੋਈ ਗੁਰਮਤਿ

www.NihangSingh.org

www.NihangSingh.org

ਧਾਰਨ ਕਰਕੇ, ਰਹਿਤ-ਬਹਿਤ ਅਨੁਸਾਰ ਚੱਲਕੇ, ਸਾਰੇ ਮਤਾਂ ਮਤਾਤਰਾ ਤੋਂ ਉਪਰ ਅਤੇ ਨਿਆਰੇ ਰਹਿ ਕੇ ਗੁਰੂ ਕ੍ਰਿਪਾ ਰੂਪੀ ਤੇਜ ਦੀ ਪ੍ਰਾਪਤੀ ਕਰ ਕੇ ਜੀਵਨ ਸਫਲਾ ਕਰਨਾ ਚਾਹੀਦਾ ਹੈ। ਸਾਹਿਬ ਕਲਗੀਧਰ ਪਾਤਸ਼ਾਹ ਫੁਰਮਾਣ ਕਰਦੇ ਹਨ :—

ਰਹਿਣੀ ਰਹੈ ਸੋਈ ਸਿੱਖ ਮੇਰਾ ॥
ਉਹ ਸਾਹਿਬ ਮੈਂ ਉਸ ਕਾ ਚੇਰਾ ॥
ਜਬ ਲਗ ਰਹੈ ਖਾਲਸਾ ਨਿਆਰਾ ॥
ਤਬ ਲਏ ਤੇਜ ਦੀਓ ਮੈਂ ਸਾਰਾ ॥

ਅੰਮ੍ਰਿਤਧਾਰੀਆਂ ਵਾਸਤੇ ਰਹਿਤ ਅਤੇ ਹਦਾਇਤ

- ਅੰਮ੍ਰਿਤਧਾਰੀਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਤੇ ਪੂਰਨ ਭਰੋਸਾ ਰੱਖਣਾ ਅਤੇ ਨਿੱਤ ਦਰਸ਼ਨ ਕਰਨੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾਂ ਕਿਸੇ ਨੂੰ ਨਹੀਂ ਮੰਨਣਾ।
- ਅੰਮ੍ਰਿਤਧਾਰੀਆਂ ਨੇ ਅੰਮ੍ਰਿਤ ਵੇਲੇ ਹੋਰ ਬਾਣੀਆਂ ਪੜ੍ਹਨ ਤੋਂ ਪਹਿਲਾਂ, ਪੰਜ ਬਾਣੀਆਂ ਦਾ ਨਿੱਤਨੇਮ ਜਰੂਰ ਕਰਨਾ ਹੈ। ਉਸ ਤੋਂ ਬਾਅਦ ਕੋਈ ਵੀ ਬਾਣੀ ਪੜ੍ਹ ਸਕਦੇ ਹੋ।
- ਰੋਮਾਂ ਦੀ ਬੇਅਦਬੀ ਨਹੀਂ ਕਰਨੀ, ਦਾੜ੍ਹੀ ਕਾਲੀ ਨਹੀਂ ਕਰਨੀ, ਦਾੜ੍ਹੀ ਬੰਨਣੀ ਨਹੀਂ, ਫਿਕਸੋ ਵਗੈਰਾ ਨਹੀਂ ਲਾਉਣੀ, ਦਾੜ੍ਹੀ ਨੂੰ ਬੁਰਸ਼ ਨਹੀਂ ਲਾਉਣਾ, ਕੰਘਾ ਕਰਨਾ ਹੈ। ਕੰਘਾ ਵੀ ਲੱਕੜ ਦਾ ਹੋਣਾ ਚਾਹੀਦਾ ਹੈ।
- ਹਫਤੇ ਬਾਅਦ ਹੱਥਾਂ-ਪੈਰਾਂ ਦੇ ਨਹੁੰ ਕੱਟਣੇ ਚਾਹੀਦੇ ਹਨ।
- ਦਸਤਾਰ ਚੋਲੇ ਲਈ ਤਿੰਨਾਂ ਰੰਗਾਂ (ਨੀਲਾ, ਕੇਸਰੀ ਅਤੇ ਚਿੱਟਾ) ਦੀ ਵਰਤੋਂ ਕਰਨੀ ਤੇ ਕਛਿਹਰੇ ਦਾ ਰੰਗ ਸਿਰਫ ਚਿੱਟਾ ਹੀ ਹੋਵੇ।
- ਅੰਮ੍ਰਿਤਧਾਰੀਆਂ ਨੇ ਧਾਗਾ ਤਵੀਤ ਨਹੀਂ ਪਾਉਣਾ, ਜਾਦੂ ਟੂਣਾ ਨਹੀਂ ਕਰਨਾ ਕਰਾਉਣਾ, ਮੜ੍ਹੀ, ਮਟੀ ਅਤੇ ਸਮਾਧ 'ਤੇ ਮੱਥਾ ਨਹੀਂ ਟੇਕਣਾ, ਗੁੱਗਾ ਨਹੀਂ ਪੂਜਣਾ, ਸਰਾਧ ਨਹੀਂ ਕਰਨੇ, ਕਰਵਾ ਚੌਥ, ਅਹੋਈ ਦੇ ਵਰਤ ਆਦਿ ਨਹੀਂ ਰੱਖਣੇ।
- ਗੁਰੂ-ਡੰਮ੍ਹ ਦੇ ਚੇਲਿਆਂ ਅਤੇ ਬਾਬਿਆਂ (ਜਿਵੇਂ ਕਿ ਸਿਰਸੇ ਵਾਲੇ,

www.NihangSingh.org

www.NihangSingh.org

ਰਾਧਾ ਸੁਆਮੀ, ਵਡਭਾਗ ਸਿੰਘ ਡੇਹਰੇ ਵਾਲੇ, ਨਿਰੰਕਾਰੀ ਵਾਲੇ ਪੀਰ ਆਦਿ) ਨਾਲ ਸਬੰਧ ਨਹੀਂ ਰੱਖਣਾ। ਹੋ ਸਕੇ ਤਾਂ ਉਹਨਾਂ ਨੂੰ ਸਿੱਖ-ਧਰਮ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸਾਂਝਾ ਉਪਦੇਸ਼ ਦੇ ਕੇ ਸ਼ਬਦ-ਗੁਰੂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲੜ ਲਾਉਣਾ ਹੈ।

- ਅੰਮ੍ਰਿਤਧਾਰੀਆਂ ਨੇ ਸਰੀਰ ਨਹੀਂ ਖੁਣਨਾ ਭਾਵ ਕਿ ਸਰੀਰ 'ਤੇ ਕਿਸੇ ਵੀ ਪ੍ਰਕਾਰ ਦੇ ਵੇਲ-ਬੂਟੇ, ਮੋਰ, ਚੰਦ ਨਹੀਂ ਬਣਵਾਉਣੇ, ਨੱਕ-ਕੰਨ ਨਹੀਂ ਬਿੰਨਣੇ ਅਤੇ ਹੋਰ ਕਿਸੇ ਵੀ ਪ੍ਰਕਾਰ ਦਾ ਹਾਰ ਸ਼ਿੰਗਾਰ ਨਹੀਂ ਕਰਨਾ।
- ਅੰਮ੍ਰਿਤਧਾਰੀਆਂ ਨੇ ਤਿੰਨ ਧਾਰੀਆਂ ਵਾਲਾ ਸਰਬਲੋਹ ਦਾ ਕੜਾ ਪਾਉਣਾ ਹੈ। ਇਸ ਤੋਂ ਬਿਨਾਂ ਕੜਾ, ਕੰਗਣੀ, ਪਉਂਚੀ, ਵੰਗ ਦੇ ਬਰਾਬਰ ਹੈ।
- ਅੰਮ੍ਰਿਤਧਾਰੀਆਂ ਨੇ ਨੰਗੇ ਸਿਰ ਖਾਣਾ-ਪੀਣਾ, ਤੁਰਨਾ ਫਿਰਨਾ ਨਹੀਂ। ਨੰਗੇ ਸਿਰ ਪਿਸ਼ਾਬ ਨਹੀਂ ਕਰਨਾ ਅਤੇ ਖੜ੍ਹੇ ਕੇ ਵੀ ਪਿਸ਼ਾਬ ਨਹੀਂ ਕਰਨਾ। ਦੰਪਤੀ ਸੰਯੋਗ-ਭੋਗ ਵੇਲੇ ਵੀ ਸਿਰ ਨੰਗਾ ਨਹੀਂ ਹੋਣਾ ਚਾਹੀਦਾ।
- ਅੰਮ੍ਰਿਤਧਾਰੀਆਂ ਨੇ ਫਿਲਮਾਂ (ਪਿਕਚਰਾਂ) ਨਹੀਂ ਦੇਖਣੀਆਂ ਅਤੇ ਅਸ਼ਲੀਲ ਸਾਹਿਤ (ਲਿਟਰੇਚਰ) ਨਹੀਂ ਪੜ੍ਹਨਾ।
- ਅੰਮ੍ਰਿਤਧਾਰੀ ਦਾ ਅੱਧਾ ਨਾਮ ਨਹੀਂ ਲੈਣਾ। 'ਸਿੰਘ' ਜਾਂ 'ਕੌਰ' ਸਮੇਤ ਪੂਰਾ ਨਾਮ ਲੈਣਾ ਅਤੇ ਲਿਖਣਾ ਹੈ।
- ਅੰਮ੍ਰਿਤਧਾਰੀਆਂ ਨੇ ਆਪਸੀ ਦਰਸ਼ਨ ਦੀਦਾਰੇ ਕਰਦਿਆਂ ਇਕ ਦੂਸਰੇ ਨੂੰ ਫਤਹਿ ਬੁਲਾਉਣੀ ਹੈ।
- ਗੁਰਮੁਖਾਂ ਦੀ ਸੰਗਤ ਕਰਨੀ ਅਤੇ ਨਿੰਦਾ, ਚੁਗਲੀ, ਝੂਠ-ਫਰੇਬ, ਠੱਗੀ, ਧੋਖਾ, ਚਲਾਕੀ ਅਤੇ ਅਲ-ਪਲੱਲੀਆਂ ਗੱਲਾਂ ਦਾ ਪੂਰਨ ਤੌਰ 'ਤੇ ਤਿਆਗ ਕਰਨਾ।

www.NihangSingh.org

www.NihangSingh.org

ਕੜਾਹ ਪ੍ਰਸ਼ਾਦ

ਗੁਰੂ ਘਰ ਦੇ ਬੇਦ-ਬਿਆਸ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਅੰਕਿਤ ਕੀਤਾ ਹੈ :–

ਭਰ ਕਚਰੌਲ ਪ੍ਰਸ਼ਾਦ ਦਾ, ਧੁਰੋਂ ਪਾਤਾਲੋਂ ਲਈ ਕੜਾਹੀ ॥

ਜਨਮ ਸਾਖੀ ਅਨੁਸਾਰ ਬਗਦਾਦ ਦੇ ਪੀਰ ਵਾਲੀ ਸਾਖੀ ਤੋਂ ਸਿੱਧ ਹੁੰਦਾ ਹੈ ਕਿ "ਜਾਹਰ ਪੀਰ ਜਗਤ ਗੁਰ ਬਾਬਾ" ਗੁਰੂ ਨਾਨਕ ਦੇਵ ਜੀ ਨੇ ਧੁਰ ਦਰਗਾਹ ਤੋਂ ਕੜਾਹ ਪ੍ਰਸ਼ਾਦ ਆਪ ਲਿਆਂਦਾ । ਭਾਈ ਗੁਰਦਾਸ ਜੀ ਨੇ ਕੜਾਹ ਪ੍ਰਸ਼ਾਦ ਨੂੰ ਹੀ ਮਹਾਂ ਪ੍ਰਸ਼ਾਦ ਅਤੇ ਪੰਚਾਮ੍ਰਿਤ ਦੇ ਨਾਵਾਂ ਨਾਲ ਅੰਕਿਤ ਕੀਤਾ ਹੈ :–

ਖਾਂਡ ਘ੍ਰਿਤ ਚੂਨ ਜਲ ਪਾਵਕ ਇਕਤ੍ਰ ਭਏ
ਪੰਚ ਮਿਲੇ ਪ੍ਰਗਟ ਪੰਚਾਮ੍ਰਿਤ ਪ੍ਰਗਾਸ ਹੈ ॥ (124)

[ਭਾਵ : (1) ਖੰਡ, (2) ਘਿਓ, (3) ਆਟਾ, (4) ਜਲ, (5) ਅੱਗ, ਇਨ੍ਹਾਂ ਪੰਜਾਂ ਚੀਜਾਂ ਦੇ ਮੇਲ ਨੂੰ "ਪੰਚਾਮ੍ਰਿਤ" ਕਿਹਾ ਜਾਂਦਾ ਹੈ । ਇਸੇ ਤਰ੍ਹਾਂ ਖੰਡ, ਘਿਓ, ਆਟਾ ਤਿੰਨ ਚੀਜਾਂ ਦੇ ਸੁਮੇਲ ਕਰਕੇ "ਤਿਹਾਵਲ" ਵੀ ਕਿਹਾ ਹੈ । ਸ੍ਰੀ ਕੜਾਹ ਪ੍ਰਸ਼ਾਦ, ਗੁਰੂ ਕੀ ਪਵਿੱਤਰ ਦੇਗ ਹੈ । ਦੇਗ ਵਿਚ ਖੋਪਾ, ਸੌਗੀ, ਪਿਸਤਾ, ਦੁੱਧ ਆਦਿ ਪਾਉਣਾ ਮਨਮੱਤ ਹੈ ।]

ਸੋ ਗੁਰਸਿੱਖ ਕੋਈ ਵੀ ਕਾਰਜ ਅਰੰਭ ਕਰਨ ਤੋਂ ਪਹਿਲਾਂ ਕਾਰਜ ਦੀ ਸਫਲਤਾ ਲਈ, ਗੁਰੂ ਜੀ ਦੇ ਅੱਗੇ ਭਾਵ ਕੜਾਹ ਪ੍ਰਸ਼ਾਦ ਦੀ ਦੇਗ ਲਿਆ ਕੇ, ਅਰਦਾਸ ਕਰ ਕੇ ਕਾਰਜ ਆਰੰਭ ਕਰਦੇ ਹਨ । ਸ੍ਰੀ ਕੜਾਹ ਪ੍ਰਸ਼ਾਦ ਦੀ ਦੇਗ ਗੁਰੂ ਮਤ ਅਨੁਸਾਰ ਤਿਆਰ ਕੀਤੀ ਜਾਵੇ ਤਾਂ ਕਠਨ ਤੋਂ ਕਠਨ ਕਾਰਜ ਵੀ ਗੁਰੂ ਮਿਹਰ ਸਦਕਾ ਸਫਲ ਹੋ ਜਾਂਦਾ ਹੈ ।

"ਸੁਚ ਹੋਵੈ ਤਾਂ ਸਚੁ ਪਾਈਐ" ਦੇ ਪਵਿੱਤਰ ਮਹਾਂਵਾਕ ਅਨੁਸਾਰ ਕੜਾਹ ਪ੍ਰਸ਼ਾਦ ਤਿਆਰ ਕਰਨ ਲੱਗਿਆਂ ਸੁੱਚਮ ਹੋਣੀ ਬਹੁਤ ਜਰੂਰੀ ਹੈ । ਜਿਸ ਸਿੰਘ ਨੇ ਦੇਗ ਸਜਾਉਣੀ (ਤਿਆਰ ਕਰਨੀ) ਹੋਵੇ ਉਹ ਸਿੰਘ ਅੰਮ੍ਰਿਤਧਾਰੀ, ਰਹਿਤਧਾਰੀ, ਨਿੱਤਨੇਮੀ ਅਤੇ ਚੰਗੇ ਜੀਵਨ ਵਾਲਾ ਹੋਵੇ । ਉਹ ਸਾਰੇ ਬਰਤਨ ਸੁੱਚੇ ਰੇਤੇ ਨਾਲ ਸੋਧੇ (ਮਾਂਜੇ) ਅਤੇ ਫਿਰ ਸੁੱਚੇ ਜਲ ਨਾਲ ਬਰਤਨਾਂ ਦਾ ਇਸ਼ਨਾਨ ਕਰਾਵੇ । ਬਰਤਨ ਸੋਧਣ ਲਈ ਲਿਸਾਪੱਲ ਨਹੀਂ ਵਰਤਣਾ ਚਾਹੀਦਾ । ਜਿਸ ਥਾਂ ਦੇਗ

www.NihangSingh.org

www.NihangSingh.org

ਸਜਾਉਣੀ ਹੋਵੇ, ਉਥੇ ਪੋਚਾ ਫੇਰਿਆ ਜਾਵੇ (ਗੋਹੇ ਦਾ ਪੋਚਾ ਨਹੀਂ ਕਰਨਾ)। ਜੇਕਰ ਥਾਂ ਪੱਕੀ ਹੋਵੇ ਤਾਂ ਜਲ ਛਿੜਕਿਆ ਜਾਵੇ। ਫਿਰ ਕੜਾਹੀ, ਖੁਰਚਣਾ, ਬਾਲਟੀ, ਗੜਵਾ ਜਾਂ ਜੱਗ, ਪਤੀਲਾ (ਚਾਸ ਵਾਸਤੇ), ਪ੍ਰਾਂਤ, ਥਾਲ, ਕੌਲੀਆਂ (ਜਾਂ ਵੱਡੇ ਅਤੇ ਛੋਟੇ ਸਰਬਲੋਹ ਦੇ ਬਾਟੇ), ਇਕ ਚੌਰਸ ਚਿਮਟਾ ਅਤੇ ਸਫੈਦ ਕੱਪੜਾ (ਪੋਣਾ) ਆਦਿ ਲਿਆ ਕੇ ਰੱਖ ਲਓ। ਫਿਰ ਘਿਓ, ਆਟਾ, ਖੰਡ ਤਿੰਨਾਂ ਚੀਜ਼ਾਂ ਦਾ ਵਜ਼ਨ ਇਕੋ ਜਿਹਾ ਹੋਵੇ। ਭਾਵ ਬਰਾਬਰ ਹੋਣ। ਜਲ ਚਾਰ ਗੁਣਾ ਵੱਧ ਹੋਵੇ। ਫਿਰ ਚਾਸ ਉਬਾਲਕੇ ਪੁਣ ਕੇ ਰੱਖ ਲੈਣੀ। ਫਿਰ ਕੜਾਹੀ ਨੂੰ ਚੁਰ ਜਾਂ ਚੁੱਲ੍ਹੇ ਉਪਰ ਰੱਖ ਕੇ ਘਿਓ ਨੂੰ ਗਰਮ ਕਰੋ। ਫਿਰ ਵਿਚ ਆਟਾ ਪਾ ਕੇ ਖੁਰਚਣੇ ਨਾਲ ਹੌਲੀ-2 ਹਿਲਾਓ। ਨਾਲ ਨਾਲ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ। ਜੇ ਨਹੀਂ ਤਾਂ ਮੂਲ ਮੰਤਰ ਜਾਂ ਵਾਹਿਗੁਰੂ ਦਾ ਜਾਪ ਕਰਦੇ ਰਹਿਣਾ। ਇਸ ਪ੍ਰਕਾਰ ਆਟਾ ਭੁੱਜ ਜਾਣ 'ਤੇ ਫਿਰ ਧੀਰਜ ਨਾਲ ਚਾਸ ਪਾ ਕੇ ਜਰਾ ਤੇਜੀ ਨਾਲ ਖੁਰਚਣੇ ਨੂੰ ਕੜਾਹੀ ਵਿਚ ਫੇਰੋ।

ਇਸ ਤਰ੍ਹਾਂ ਦੇਗ ਤਿਆਰ ਹੋ ਜਾਵੇਗੀ। ਫਿਰ ਦੇਗ ਪ੍ਰਾਂਤ ਵਿਚ ਪਾ ਕੇ ਗੁਰੂ ਸਾਹਿਬ ਦੀ ਹਜੂਰੀ ਵਿਚ ਲੈ ਆਉਣੀ। ਜਦੋਂ ਦੇਗ ਗੁਰੂ ਸਾਹਿਬ ਦੀ ਹਜੂਰੀ ਵਿਚ ਲਿਆਉਣੀ ਤਾਂ ਅੱਗੇ-ਅੱਗੇ ਜਲ ਦਾ ਛਿੱਟਾ ਦੇਣਾ। ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜੂਰੀ ਅੰਦਰ ਕੜਾਹ ਪ੍ਰਸ਼ਾਦ ਦੀ ਦੇਗ ਪਹੁੰਚ ਜਾਵੇ ਤਾਂ ਫਿਰ ਦੇਗ ਠੰਡੀ ਕਰਕੇ, ਢਕ ਦਿਓ। (ਦੇਗ ਵਾਲੀ ਪ੍ਰਾਂਤ ਵਿਚ ਖੁਰਚਣਾ ਨਹੀਂ ਹੋਣਾ ਚਾਹੀਦਾ) ਫਿਰ ਦੇਗ ਕੋਲ ਸ੍ਰੀ ਅਨੰਦ ਸਾਹਿਬ ਜੀ ਦਾ ਸੰਪੂਰਨ ਪਾਠ ਕਰੋ।

ਭਿੰਡਰਾਂ ਵਾਲੇ ਮਹਾਂਪੁਰਸ਼ਾਂ ਨੇ ਗੁਰਬਾਣੀ ਪਾਠ ਦਰਸ਼ਨ ਦੇ ਪੰਨਾ 166 ਉਪਰ ਲਿਖਿਆ ਹੈ ਕਿ, "ਜਿਹੜੇ ਛੇ ਪਉੜੀਆਂ ਪੜ੍ਹਦੇ ਹਨ, ਇਹ ਇਹਨਾਂ ਲੋਕਾਂ ਹੈ ਆਦਤ ਹੀ ਪੈ ਗਈ ਹੈ। ਪੁਜਾਰੀਆਂ ਵੱਲੋਂ ਕਿ ਚਲੋ ਥੋਹੜੇ ਨਾਲ ਹੀ ਕੰਮ ਸਾਰ ਲਿਆ ਕਰੋ। ਇਹ ਪੁਜਾਰੀ ਲੋਕ ਨੌਕਰ ਆਦਿਕ ਹਨ। ਜਿਨ੍ਹਾਂ ਨੂੰ ਸਤਿਗੁਰਾਂ ਤੇ ਸ਼ਰਧਾ ਨਹੀਂ ਭਰੋਸਾ ਨਹੀਂ, ਸਤਿਗੁਰਾਂ ਨੂੰ ਪ੍ਰਤੱਖ ਅਕਾਲ ਪੁਰਖ ਦਾ ਸਰੂਪ ਨਹੀਂ ਸਮਝਦੇ ਸਿਰਫ ਮਾਇਆ ਦੇ ਕਾਰਨ ਪੂਜਾ ਲੈਣ ਵਾਸਤੇ, ਇਕ ਬਹਾਨਾ ਬਣਾਇਆ ਹੈ। ਇਹ ਐਸੇ ਲੋਕ ਆਪ ਵੀ ਬੇਮੁਖ ਹੋਏ ਹਨ

www.NihangSingh.org

www.NihangSingh.org

ਅਤੇ ਅੱਧੀ ਬਾਣੀ ਪੜ੍ਹ ਕੇ ਸਾਧਾਰਨ ਲੋਕਾਂ ਨੂੰ ਵੀ ਭੁਲੇਖੇ ਵਿਚ ਪਾ ਰਹੇ ਹਨ। ਇਹ ਐਸੇ ਲੋਕ ਅੰਮ੍ਰਿਤ ਵਿਚ ਵੀ ਤੇ ਨਿਤਨੇਮ ਦੀ ਬਾਣੀ ਵਿਚ ਵੀ ਅੱਧੀ ਹੀ ਬਾਣੀ ਪੜ੍ਹਦੇ ਹਨ, ਛੇਤੀ ਵੇਹਲੇ ਹੋਣ ਵਾਸਤੇ।

ਸੋ ਸਾਰਾ ਅਨੰਦ ਸਾਹਿਬ, ਜਿਵੇਂ ਤੀਜੇ ਪਾਤਿਸਾਹ ਜੀ ਨੈ ੪੦ ਪਉੜੀਆਂ ਵਾਲਾ ਉਚਾਰਿਆ ਹੈ ਆਪਾਂ ਨੂੰ ਓਸੇ ਤਰ੍ਹਾਂ ਬਾਣੀ ਪੜ੍ਹਨੀ ਯੋਗ ਹੈ। ਅੰਮ੍ਰਿਤ ਵਿਚ ਵੀ ਕਈ ਥੋੜੀਆਂ ਪੰਜ ਪਉੜੀਆਂ ਪੜ੍ਹਦੇ ਹਨ। ਸਤਿਗੁਰਾਂ ਵੱਲੋਂ ਤਾਂ ਸਾਰੀ ਬਾਣੀ ਦੀ ਹੀ ਆਗਿਆ ਹੈ। ਕਿਥੇ ਸਾਰੀ ਦਾ ਪ੍ਰਤਾਪ ਤੇ ਕਿਥੇ ਥੋਹੜੀ ਦਾ ਪ੍ਰਤਾਪ। ਇਹ ਸਮਝਣਾ ਚਾਹੀਦਾ ਹੈ।"

ਜਿਹੜੀ ਕ੍ਰਿਪਾਨ ਨਾਲ ਭੋਗ ਲਵਾਉਣਾ ਹੈ, ਉਹ ਭੋਗ ਲਾਉਣ ਤੋਂ ਪਹਿਲਾਂ ਮਿਆਨ ਵਿਚ ਹੋਣੀ ਚਾਹੀਦੀ ਹੈ। ਭੋਗ ਲਾਉਣ ਸਮੇਂ ਮਿਆਨ ਵਿਚੋਂ ਕੱਢਕੇ ਸੁੱਚੇ ਜਲ ਨਾਲ ਇਸ਼ਨਾਨ ਕਰਾਕੇ ਫਿਰ ਕੜਾਹ ਪ੍ਰਸ਼ਾਦ ਨੂੰ ਕ੍ਰਿਪਾਨ ਭੇਟ ਕਰਨੀ। ਕ੍ਰਿਪਾਨ ਸਮੇਤ ਮੁੱਠੇ ਸਰਬਲੋਹ ਦੀ ਹੋਣੀ ਚਾਹੀਦੀ ਹੈ ਅਤੇ ਕ੍ਰਿਪਾਨ ੪-੯ ਇੰਚ ਤੋਂ ਘੱਟ ਨਹੀਂ ਹੋਣੀ ਚਾਹੀਦੀ। ਕ੍ਰਿਪਾਨ ਜੰਗਾਲ ਵਾਲੀ ਨਾ ਹੋਵੇ ਅਤੇ ਕ੍ਰਿਪਾਨ ਦੀ ਧਾਰ ਖੁੰਡੀ ਨਾ ਹੋਵੇ ਭਾਵ ਕੋਈ ਦੰਦਾ ਨਾ ਹੋਵੇ। ਕ੍ਰਿਪਾਨ ਚਮਕਦਾਰ ਹੋਣੀ ਚਾਹੀਦੀ ਹੈ। ਜਦੋਂ ਕ੍ਰਿਪਾਨ ਇਸ਼ਨਾਨ ਕਰਾ ਕੇ ਦੇਗ ਵਿਚ ਫੇਰਨੀ ਹੋਵੇ, ਉਦੋਂ ਪੋਣਾ ਜਾਂ ਰੁਮਾਲਾ ਕ੍ਰਿਪਾਨ ਤੇ ਨਹੀਂ ਫੇਰਨਾ ਚਾਹੀਦਾ।

ਕ੍ਰਿਪਾਨ ਭੇਟ

ਕਈ ਸਿੱਖ ਸੰਪ੍ਰਦਾਵਾਂ ਵਿਚ, ਜਦੋਂ ਅਰਦਾਸ ਵਿਚ ਕਹਿੰਦੇ ਹਾਂ ਕਿ "ਆਪ ਜੀ ਨੂੰ ਭੋਗ ਲੱਗੇ" ਉਦੋਂ ਕ੍ਰਿਪਾਨ ਭੇਟ ਕਰਦੇ ਹਨ। ਪਰ ਸ੍ਰੀ ਅੰਮ੍ਰਿਤਸਰ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਅਰਦਾਸ ਤੇ ਹੁਕਮਨਾਮੇ ਤੋਂ ਬਾਅਦ ਕ੍ਰਿਪਾਨ ਭੇਟ ਕਰਦੇ ਹਨ ਅਤੇ ਫਿਰ ਸ੍ਰੀ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਜਾਂਦੀ ਹੈ।

ਸਾਨੂੰ ਇਸ ਗੱਲ ਨਾਲ ਸਹਿਮਤ ਹੋਣਾ ਪਵੇਗਾ ਅਤੇ ਇਹ ਬਿਲਕੁਲ ਠੀਕ ਵੀ ਹੈ ਕਿਉਂਕਿ ਅਸੀਂ ਗੁਰੂ ਸਾਹਿਬ ਜੀ ਨੂੰ "ਪ੍ਰਗਟ ਗੁਰਾਂ ਕੀ ਦੇਹ" ਸਮਝਦੇ ਹਾਂ। ਫਿਰ ਗੁਰੂ ਸਾਹਿਬ ਅਰਦਾਸ ਸਮੇਂ ਖੜੇ-ਖੜੇ ਤਾਂ ਪ੍ਰਸ਼ਾਦ ਛਕ ਵੀ ਨਹੀਂ ਸਕਦੇ। ਪਹਿਲਾਂ ਗੁਰੂ ਸਾਹਿਬ ਬਿਰਾਜਮਾਨ ਹੋਣਗੇ (ਬੈਠਣਗੇ) ਅਤੇ ਫਿਰ ਪਵਿੱਤਰ ਹੁਕਮ ਬਖਸ਼ਿਸ਼

www.NihangSingh.org

www.NihangSingh.org

ਕਰਨਗੇ। ਉਸ ਤੋਂ ਬਾਅਦ ਭੋਗ ਲਾਉਣਗੇ ਅਤੇ ਫਿਰ ਸੰਗਤਾਂ ਸੀਤ ਪ੍ਰਸ਼ਾਦ ਛਕਣਗੀਆਂ।

ਕਈ ਗੁਰਮੁਖ ਗ੍ਰੰਥੀ ਸਿੰਘ ਸਾਹਿਬਾਨ ਕ੍ਰਿਪਾਨ ਭੇਟ ਕਰਨ ਸਮੇਂ ਪਿਆਰ ਨਾਲ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੇਠ ਲਿਖੇ ਸ਼ਬਦ ਪੜ੍ਹਦੇ ਹਨ :–

ਕ੍ਰਿਪਾਣ ਪਾਣ ਧਾਰੀਯੰ ॥ ਕ੍ਰੋਰ ਪਾਪ ਟਾਰੀਯੰ ॥
ਅਸਿ ਕ੍ਰਿਪਾਨ ਖੰਡੇ ਖੜਗ ਤੁਪਕ ਤਬਰ ਅਰੁ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ ॥

ਸ੍ਰੀ ਕੜਾਹ ਪ੍ਰਸ਼ਾਦ ਦੀ ਦੇਗ ਵਿਚ ਕ੍ਰਿਪਾਨ ਭੇਟ ਸਬੰਧੀ ਕਈ ਤਰ੍ਹਾਂ ਦੇ ਭੁਲੇਖੇ ਪਾਏ ਜਾਂਦੇ ਹਨ। ਕਈ ਡੇਰੇਦਾਰ, ਸਾਧ, ਮਹੰਤ ਗੁਰ ਮਰਯਾਦਾ ਤੋਂ ਕੋਰੇ, ਦੇਹਧਾਰੀ ਗੁਰੂ ਡੰਮ੍ਹ ਦੇ ਪ੍ਰਚਾਰਕ "ਕ੍ਰਿਪਾਨ ਭੇਟ" ਨਹੀਂ ਕਰਦੇ, ਬਲਕਿ ਇਸ ਦੇ ਉਲਟ ਹਨ। ਇਸ ਲਈ ਗ੍ਰੰਥੀ ਸਿੰਘ "ਗੁਰਮਤਿ ਸਬੰਧੀ" ਕਾਫੀ ਸੂਝ-ਬੂਝ ਵਾਲੇ ਹੋਣੇ ਚਾਹੀਦੇ ਹਨ, ਜੋ ਮੌਕੇ 'ਤੇ ਕਿਸੇ ਮਨਮੱਤੀਏ ਦੇ ਕਹੇ ਕਹਾਏ ਪਿੱਛੇ ਨਾ ਲੱਗ ਜਾਣ, ਸਗੋਂ ਅਜਿਹੇ ਦੇਹਧਾਰੀ ਗੁਰੂ ਡੰਮ੍ਹੀਆਂ ਨੂੰ ਗੁਰਮਤਿ ਦੇ ਧਾਰਨੀ, ਪੰਥਕ ਵਿਦਵਾਨਾਂ ਕੋਲ ਲਿਜਾਕੇ ਤਸੱਲੀ ਕਰਵਾਉਣ।

ਸਰਬੱਤ ਗੁਰਸਿੱਖ ਮਾਈ-ਭਾਈ ਨੂੰ ਚਾਹੀਦਾ ਹੈ ਕਿ ਅਜਿਹੇ ਮਨਮੱਤੀਏ ਲੋਕਾਂ ਤੋਂ ਸਾਵਧਾਨ ਰਹਿਣ ਅਤੇ ਇਹਨਾਂ ਦੀ ਸੰਗਤ ਨਾ ਕਰਨ। ਇਸ ਬਾਰੇ ਭਾਈ ਗੁਰਦਾਸ ਜੀ ਸਾਨੂੰ ਇਸ ਪ੍ਰਕਾਰ ਵਰਜਦੇ ਹਨ :–

ਸਤਿਗੁਰ ਸਾਹਿਬ ਛਡਿ ਕੈ ਮਨਮੁਖ ਹੋਇ ਬੰਦੇ ਦਾ ਬੰਦਾ।
(ਵਾਰ ੧੫, ਪਉੜੀ ੪)

ਖੋਟੀ ਸੰਗਿਤ ਮੀਣਿਆਂ ਦੁੱਖ ਦੇਂਦੀ ਮਿੱਤੈ।
(ਵਾਰ ੩੬, ਪਉੜੀ ੫)

ਰਲੈ ਜੁ ਸੰਗਤਿ ਮੀਣਿਆਂ ਉਠਿ ਚਲੈ ਨਿਰਾਸਾ।
(ਵਾਰ ੩੬, ਪਉੜੀ ੭)

ਖਾਲਸੇ ਦਾ ਤਾਂ ਜਨਮ ਹੀ ਕ੍ਰਿਪਾਨ ਵਿਚੋਂ ਹੋਇਆ ਹੈ। ਇਸ

www.NihangSingh.org

www.NihangSingh.org

ਕਰਕੇ ਕ੍ਰਿਪਾਨ ਖਾਲਸੇ ਲਈ ਪੂਜਨੀਕ ਇਸ਼ਟ-ਦੇਵ ਬਣ ਗਈ ਹੈ। ਅਰਦਾਸ ਕਰਨ ਸਮੇਂ ਖਾਲਸਾ, ਸਭ ਤੋਂ ਪਹਿਲਾਂ ਭਗਉਤੀ ਨੂੰ ਹੀ ਸਿਮਰਦਾ ਹੈ ਅਤੇ ਫਿਰ ਗੁਰੂ ਸਾਹਿਬਾਨ ਨੂੰ ਧਿਆਉ ਦਾ ਹੈ। ਇਸ ਮਰਯਾਦਾ ਨੂੰ ਸ੍ਰੀ ਦਸਮੇਸ਼ ਜੀ ਨੇ ਆਪ ਨਿਯਮਬੱਧ ਕੀਤਾ ਹੈ :-

ਪ੍ਰਿਥਮ ਭਗੌਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ ॥....
(ਸ੍ਰੀ ਮੁਖਵਾਕ ਪਾਤਿਸ਼ਾਹੀ ੧੦)

ਸ੍ਰੀ ਭਗਉਤੀ ਦਾ ਪ੍ਰਤੱਖ ਚਿੰਨ੍ਹ ਕ੍ਰਿਪਾਨ ਹੀ ਹੈ। ਸ੍ਰੀ ਦਸਮੇਸ਼ ਜੀ, ਕ੍ਰਿਪਾਨ ਦੀ, ਸੰਸਾਰ ਵਿਚ ਜੋ ਜੋ ਕਾਰ ਕਰਦੇ ਹਨ, ਸ੍ਰਿਸ਼ਟੀ ਨੂੰ ਉਬਾਰਣ ਵਾਲੀ ਅਤੇ (ਮਮ=ਮੇਰੀ) ਆਪ ਦੀ ਪ੍ਰਤਿਪਾਲਣਾ ਕਰਨ ਵਾਲੀ ਫੁਰਮਾਉਂਦੇ ਹਨ :-

ਜੋ ਜੋ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੋ ਤੇਗੰ ॥
(ਬਚਿੱਤ੍ਰ ਨਾਟਕ)

ਕ੍ਰਿਪਾਨ ਭੇਟ ਕਰਨੀ ਇਤਿਹਾਸਕ, ਸੰਪ੍ਰਦਾਈ, ਪੰਥਕ ਅਤੇ ਪੁਰਾਤਨ ਮਰਯਾਦਾ ਹੈ। ਅਸੀਂ ਗੁਰੂ ਦੀ ਚਲਾਈ ਹੋਈ ਚਾਲ, ਗਾਡੀ ਰਾਹ, ਗੁਰਮਤਿ ਨੂੰ ਸਤਿ ਕਰਕੇ ਮੰਨਣਾ ਹੈ ਅਤੇ ਚਲਣਾ ਹੈ।

ਗੁਰਸਿੱਖ ਮੀਤ ਚਲਹੁ ਗੁਰ ਚਾਲੀ ॥ (ਅੰਗ ੬੬੭)

ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ ॥
ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ ॥ (ਅੰਗ ੨੯੯)

ਕੜਾਹ ਪ੍ਰਸ਼ਾਦ ਦੀ ਦੇਗ ਵਰਤਾਉਣ ਬਾਰੇ

ਸ੍ਰੀ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਉਣ ਸਮੇਂ ਹੇਠ ਲਿਖੀਆਂ ਗੱਲਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ :-

- ਦੇਗ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਪੰਜ ਪਿਆਰਿਆਂ ਦੇ ਵਰਤਾਰੇ (ਗੱਫੇ-ਸ਼ਾਂਦੇ) ਕੱਢਕੇ, ਫਿਰ ਗ੍ਰੰਥੀ ਸਿੰਘਾਂ ਦਾ ਵਰਤਾਰਾ ਛੋਟੇ ਬਾਟਿਆਂ ਵਿਚ ਪਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਰੱਖ ਕੇ, ਫਿਰ ਪੰਜਾਂ ਪਿਆਰਿਆਂ ਦਾ ਛਾਂਦਾ ਵਰਤਾ ਦੇਣਾ ਚਾਹੀਦਾ ਹੈ (ਕਈ ਅਸਥਾਨਾ 'ਤੇ ਅੰਮ੍ਰਿਤਧਾਰੀ, ਰਹਿਤਧਾਰੀ ਸਿੰਘ ਨਾ ਹੋਣ ਕਰਕੇ ਪ੍ਰਾਂਤ ਵਾਲੀ ਦੇਗ ਦੇ ਵਿਚ ਹੀ ਮਿਲਾ ਦਿੰਦੇ ਹਨ) ਅਤੇ ਫਿਰ ਸਾਰੀ ਸੰਗਤ ਵਿਚ ਦੇਗ

www.NihangSingh.org

www.NihangSingh.org

ਵਰਤਾਉਣੀ ਚਾਹੀਦੀ ਹੈ।

- ਦੇਗ ਵਰਤਾਉਣ ਵਾਲੇ ਗੁਰਮੁਖ ਪਿਆਰੇ ਮਰਯਾਦਾ ਵਾਲੇ ਸਬਰ-ਸੰਤੋਖੀ ਸਿੰਘ ਹੋਣੇ ਚਾਹੀਦੇ ਹਨ। ਖੁੱਲ੍ਹੇ ਪਹਿਰੇ ਵਾਲੇ, ਪਰਦ੍ਰਿਸ਼ਟੀ ਵਾਲੇ, ਚੰਚਲ ਅਤੇ ਕ੍ਰੋਧੀ ਨਹੀਂ ਹੋਣੇ ਚਾਹੀਦੇ। (ਭਾਈ ਸੋਭਾ ਰਾਮ ਵਾਲੀ ਸਾਖੀ ਤੋਂ ਸਿੱਖਜਾ ਲੈਣੀ ਚਾਹੀਦੀ ਹੈ, ਜਿਹੜਾ ਰਿੱਛ ਬਣਿਆ ਸੀ।)
- ਦੇਗ ਵਰਤਾਉਣ ਵੇਲੇ ਅੰਗੂਠੀ, ਮੁੰਦਰੀ ਅਤੇ ਘੜੀ ਆਦਿਕ ਕੋਈ ਚੀਜ ਨਾ ਪਹਿਨੀ ਹੋਵੇ।
- ਦੇਗ ਵਰਤਾਉਣ ਵਾਲੇ ਸਿੰਘ ਕੋਲ ਹਜੂਰੀਆ ਹੋਣਾ ਚਾਹੀਦਾ ਹੈ। ਕਮਰਕੱਸਾ ਜਰੂਰ ਲੱਗਾ ਹੋਵੇ।
- ਦੇਗ ਵਰਤਾਉਣ ਸਮੇਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ। ਕਈ ਸਿੰਘ ਤਾਂ ਦੇਗ ਦੀ ਸੇਵਾ ਵੇਲੇ ਚਿਹਰਾ ਸਜਾ ਲੈਂਦੇ ਹਨ, ਭਾਵ ਮੁੱਖ 'ਤੇ ਪਰਨਾ ਬੰਨ ਲੈਂਦੇ ਹਨ। ਭਾਈ ਚੌਪਾ ਸਿੰਘ ਜੀ ਰਹਿਤਨਾਮੇ ਵਿਚ ਇਸ ਪ੍ਰਕਾਰ ਵਰਨਣ ਕਰਦੇ ਹਨ :-

"ਪ੍ਰਸ਼ਾਦ ਵਰਤਾਉਂਦਾ ਬੋਲੇ ਨਾ, ਬੋਲੇ ਤਾਂ ਮੁੱਖ ਕੋ ਰੁਮਾਲ ਸੇ ਢਕੇ। ਪਿੰਡਾ ਖੁਰਕੇ ਤਾਂ ਹੱਥ ਧੋਇ ਲਵੇ।"

- ਦੇਖਣ ਵਿਚ ਆਇਆ ਹੈ ਕਿ ਕਈ ਗ੍ਰੰਥੀ ਸਿੰਘ, ਰਾਗੀ ਸਿੰਘ ਅਤੇ ਹੋਰ ਅੰਮ੍ਰਿਤਧਾਰੀ ਸਿੰਘ ਵੀ ਦੇਗ ਵਰਤਾਉਣ ਤੋਂ ਟਲਦੇ ਹਨ, ਸ਼ਰਮਿੰਦਗੀ ਅਤੇ ਹੀਣਤਾ ਜਿਹੀ ਮਹਿਸੂਸ ਕਰਦੇ ਹਨ। ਅਜਿਹਾ ਨਹੀਂ ਕਰਨਾ ਚਾਹੀਦਾ, ਸਗੋਂ ਗੁਰੂ ਕੀ ਸੇਵਾ ਸਮਝ ਕੇ ਦੇਗ ਵਰਤਾਉਣ ਦੀ ਸੇਵਾ ਕਰਨੀ ਚਾਹੀਦੀ ਹੈ।
- ਦੇਗ ਵਰਤਾਉਣ ਵੇਲੇ ਕਿਸੇ ਵੱਡੇ-ਛੋਟੇ, ਅਮੀਰ-ਗਰੀਬ, ਉੱਚ-ਨੀਚ, ਆਪਣੇ-ਪਰਾਏ ਦਾ ਖਿਆਲ ਨਹੀਂ ਰੱਖਣਾ। ਸਭ ਨੂੰ ਇਕੋ ਜਿਹਾ ਛਾਂਦਾ ਵਰਤਾਉਣਾ ਅਤੇ ਆਪ ਵੀ ਸੰਗਤ ਤੋਂ ਵੱਧ ਨਹੀਂ ਛਕਣਾ। ਲੋਭ ਲਾਲਚ ਨਹੀਂ ਕਰਨਾ।

ਮਹਾਂਵਾਕ ਹੈ :-

ਲਾਲਚੁ ਛੋਡਹੁ ਅੰਧਿਹੁ ਲਾਲਚਿ ਦੁਖ ਭਾਰੀ ॥ (੪੧੯)

ਜੋ ਪ੍ਰਸ਼ਾਦ ਕੋ ਬਾਂਟ ਹੈ ਮਨ ਮਹਿ ਧਾਰਹਿ ਲੋਭ।
ਕਿਸੈ ਥੋੜਾ ਕਿਸੈ ਅਗਲਾ ਸਦਾ ਰਹਹਿ ਤਿਸ ਸੋਗ।

(ਰਹਿਤਨਾਮਾ ਭਾਈ ਨੰਦ ਲਾਲ ਜੀ)

www.NihangSingh.org

www.NihangSingh.org

ਗੁਰਮਤਿ ਸਾਚੀ ਸਾਚਾ ਵੀਚਾਰ

ਗੁਰੁ ਮਤਿ ਸਤਿ ਕਰਿ ਅਧਮ ਅਸਾਧ ਸਾਧ
ਗੁਰੁ ਮਤਿ ਸਤਿ ਕਰਿ ਜੰਤ ਸੰਤ ਨਾਮ ਹੈ।
ਗੁਰੁ ਮਤਿ ਸਤਿ ਕਰਿ ਅਬਿਬੇਕੀ ਹ੍ਵੈ ਬਿਬੇਕੀ
ਗੁਰੁ ਮਤਿ ਸਤਿ ਕਰਿ ਕਾਮ ਨਿਹਕਾਮ ਹੈ।
ਗੁਰੁ ਮਤਿ ਸਤਿ ਕਰਿ ਅਗਜਾਨੀ ਬ੍ਰਹਮ ਗਜਾਨੀ
ਗੁਰੁ ਮਤਿ ਸਤਿ ਕਰਿ ਸਹਜ ਬਿਸ੍ਰਾਮ ਹੈ।
ਗੁਰੁ ਮਤਿ ਸਤਿ ਕਰਿ ਜੀਵਨ ਮੁਕਤਿ ਭਏ
ਗੁਰੁ ਮਤਿ ਸਤਿ ਕਰਿ ਠਿਹਚਲ ਧਾਮ ਹੈ ॥ ੨੫ ॥



www.NihangSingh.org

www.NihangSingh.org

ਸ਼ੁੱਧੀ ਪੱਤਰ

ਪੰ.ਨਾ	ਸਤਰ	ਅਸ਼ੁੱਧ ਪਾਠ	ਸ਼ੁੱਧ ਪਾਠ
1	10	ਉਥ	ਉਥੇ
1	18	ਸ'ਤਗੁਰੂ	ਸਤਿਗੁਰੂ
1	23	ਸਮ'	ਸਮੇਂ
1	27	ਹ	ਹੋ
3	13	ਵਿਹੜ	ਵਿਹੜੇ
3	5	ਗਟ	ਗੇਟ
4	11	--	ਪਾਸੇ, ਦੀਆਂ
6	22	ਮੰਗਤ	ਸੰਗਤ
7	16	ਚਾਗ ਮਾਲ	ਰਾਗ ਮਾਲਾ
8	17, 21	ਨਲ, ਤ'	ਨਾਲ, ਤੋਂ
8	22, 25	ਮੰਤਰਾ, ਗੁਰ	ਮੰਤਰਾਂ, ਗੁਰੂ
12	2, 9	ਭਗ, ਜ	ਭੋਗ, ਜੋ
12	17	ਜਕਰ	ਜੋਕਰ
13	17	..ਰੋ.ਬਿੰਦ ਸਿੰਘ...	...ਗੋਬਿੰਦ ਫਤਹ ..
16	15	ਘਰ	ਘੋੜ
16	26	ਅਖੀਰ `	ਅਖੀਰਲੇ
20	15	ਅੰਗ ੧੩ ੫	ਅੰ.ਗ ੧੩੮੫
20	17	ਬਨ ਇ	ਬਨਾਇ
21	14	ਦੋਨ'	ਦੋਨੋਂ
30	21	ਪਾਮੇ	ਪਾਸੇ
30	22	ਬੇਅਦਬੀ ।	ਬੇਅਦਬੀ ਹੈ ।
31	15	ਮੱਥ	ਮੱਥੇ
31	19, 20	ਦਖ, ਤ'	ਦੇਖ, ਤੋਂ
32	8	ਲਏ	ਲਗ
33	7	ਵਲ	ਵੇਲ
34	22	ਹ ਜਾਂਦਾ	ਹੋ ਜਾਂਦਾ
35	25	ਲੋਕਾਂ ਹੈ	ਲੋਕਾਂ ਨੂੰ

www.NihangSingh.org

www.NihangSingh.org

ਪ੍ਰਕਾਸ਼ਨਾਵਾਂ

1 ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
2 ਪੋਥੀ ਦਸ ਗ੍ਰੰਥੀ
3 ਕਰਨੀ ਨਾਮਾ
4 ਦਸਮੇਸ਼ ਬਾਣੀ ਪਾਠ ਦਰਸ਼ਨ
5 ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਛਪਾਈ ਅਧੀਨ)

ਮਿਲਣ ਦਾ ਪਤਾ :-

ਗੁਰਦੁਆਰਾ ਰਾਜਧਾਨੀ ਬੁੰਗਾ ਨਿਹੰਗ ਸਿੰਘਾਂ

ਪਿੰਡ ਮਹਿਰੋਂ, ਜ਼ਿਲ੍ਹਾ ਮੋਗਾ (ਪੰਜਾਬ)

ਛਾਪਕ :- ਬੰਦੀਛੋੜ ਕਲਗੀਧਰ ਪ੍ਰਿੰਟਿੰਗ ਪ੍ਰੈੱਸ
ਮਹਿਰੋਂ । ਫੋਨ : 21144

ਸਰਪ੍ਰਸਤ :- ਬਾਬਾ ਤੇਜਾ ਸਿੰਘ ਜੀ ਨਿਹੰਗ ਸਿੰਘ

www.NihangSingh.org

www.NihangSingh.org

ਸ਼ਰੋਮਣੀ ਸਟੀਕ

ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

(ਪਹਿਲੀ ਪੋਥੀ ਜਲਦੀ ਹੀ ਪ੍ਰਾਪਤ ਕਰੋ। ਪੰਨੇ – 750)

ਇਹ ਸਟੀਕ ਇਤਿਹਾਸਕ ਹਵਾਲਿਆਂ ਦੁਆਰਾ ਸਮੁੱਚੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਦਸਮ ਪਾਤਿਸ਼ਾਹ ਜੀ ਦੀ ਮੁਖਾਰਬੰਦ ਰਚਨਾ (ਸ੍ਰੀ ਮੁਖਵਾਕ ਬਾਣੀ) ਸਿੱਧ ਕਰੇਗਾ।

- ਇਸ ਸਟੀਕ ਦਾ ਮੂਲ ਪਾਠ 24, ਅਰਥ 16 ਤੇ ਕੇਂਦਰੀ ਭਾਵ (ਹੇਠਲੀਆਂ ਟੂਕਾਂ) 12 ਪੁਆਇੰਟ ਦੇ ਅੱਖਰਾਂ ਵਿਚ ਹੋਵੇਗਾ।
- ਸਟੀਕ ਦਾ ਪੰਨਾ ਨੰ: ਉਹੀ ਹੋਵੇਗਾ ਜੋ ਪਹਿਲਾਂ ਛਪੀਆਂ ਸੰਥਾ ਸੈਂਚੀਆਂ (ਭਾਗਾਂ) ਦਾ ਹੈ।
- ਇਸ ਵਿਚ 'ਯ' 'ਿ' ਅਤੇ ਪੈਰ ਚਿੰਨ੍ਹਾਂ ਵਾਲੇ ਅੱਖਰਾਂ ਦਾ ਸ਼ੁੱਧ ਉਚਾਰਣ ਬਹੁਤ ਹੀ ਸੁਚੱਜੇ ਢੰਗ ਨਾਲ ਦਰਸਾਇਆ ਗਿਆ ਹੈ। ਜੋ ਕਿ ਵਿਦਿਆਰਥੀਆਂ ਲਈ ਸਿੱਖਿਆ ਕਰਨ ਵਾਸਤੇ ਬਹੁਤ ਹੀ ਲਾਹੇਵੰਦ ਹੈ।
- ਸਟੀਕ ਦੇ ਕੇਂਦਰੀ ਭਾਵ ਵਿਚ ਗੁਰਮਤਿ ਸਿਧਾਂਤ, ਫਿਲਾਸਫੀ ਤੇ ਸਿੱਖ ਇਤਿਹਾਸ ਨੂੰ ਹੀ ਪਹਿਲੂ ਸਨਮੁੱਖ ਰੱਖਿਆ ਗਿਆ ਹੈ। ਲੋੜ ਪੈਣ 'ਤੇ ਸਿੱਖ ਇਤਿਹਾਸ ਤੋਂ ਬਾਹਰਲੇ ਗ੍ਰੰਥਾਂ ਦੇ ਪ੍ਰਮਾਣ ਵੀ ਦਿੱਤੇ ਗਏ ਹਨ। ਇਸ ਲਈ ਇਹ ਸਟੀਕ ਕਥਾ ਵਾਚਕਾਂ, ਪ੍ਰਚਾਰਕਾਂ, ਵਿਦਵਾਨਾਂ, ਜਗਿਆਸੂਆਂ ਤੇ ਪਾਠਕਾਂ ਲਈ ਲਾਹੇਵੰਦ ਗਿਆਨ ਭਰਪੂਰ ਹੈ।
- ਇਹ ਸਟੀਕ ਸ੍ਰੀ ਦਸਮੇਸ਼ ਦੁਲਾਰਿਆਂ ਲਈ ਵਾਚਣਯੋਗ ਅਤੇ ਸਾਂਭਣਯੋਗ ਅਮੀਰ ਵਿਰਸਾ ਹੈ। ਆਸ ਹੈ ਕਿ ਸਤਿਕਾਰਯੋਗ ਬਾਬਾ ਤੇਜਾ ਸਿੰਘ ਜੀ ਨਿਹੰਗ ਸਿੰਘ ਮਹਿਰੇ ਵਾਲਿਆਂ ਵੱਲੋਂ ਪ੍ਰਕਾਸ਼ਤ ਸ਼੍ਰੋਮਣੀ ਸਟੀਕ ਦੇ ਬਾਕੀ ਹਿੱਸੇ ਛਪਵਾਉਣ ਵਿਚ ਸਮੂਹ ਸਿੱਖ ਸੰਪ੍ਰਦਾਵਾਂ ਸਭੇ ਹੀ ਸ੍ਰੀ ਦਸਮੇਸ਼ ਦੁਲਾਰੇ ਇਸ ਮਹਾਨ ਸ਼ਲਾਘਾਯੋਗ ਕਾਰਜ ਵਿਚ ਕ੍ਰਿਆਸ਼ੀਲ ਹੋ ਕੇ ਗੁਰੂ ਗ੍ਰੰਥ-ਪੰਥ ਦੀਆਂ ਖੁਸ਼ੀਆਂ ਪ੍ਰਾਪਤ ਕਰਨਗੇ।

ਦਾਸਨਿ ਦਾਸ

ਜੁਲਾਈ, 1998 ------ ਪਰੂਫ ਰੀਡਰ

ਬੰਦੀਛੋੜ ਕਲਗੀਧਰ ਪ੍ਰਿੰਟਿੰਗ ਪ੍ਰੈੱਸ ਮਹਿਰੇ (ਮੋਗਾ)

www.NihangSingh.org